COHERENCE – The Multidisciplinary Research Journal
Volume No: 17, Issue No: 2, Year: 2026 (November)
PP: 210-217
ISSN: 0976-5301
Peer Reviewed & Refereed Journal (IF: 7.85)
Journal Website www.coherencejournal.in

ਭਾਰਤੀ ਗਿਆਨ-ਪਰੰਪਰਾਵਾਂ ਦਾ ਇਤਿਹਾਸਕ ਵਿਕਾਸ ਅਤੇ ਸਮਕਾਲੀ ਪ੍ਰਸੰਗਿਕਤਾ

ਚਰਨਜੀਤ ਕੌਰ,
ਅਸਿਸਟੈਂਟ ਪ੍ਰੋਫੈਸਰ ਅਤੇ ਮੁਖੀ, ਇਤਿਹਾਸ ਵਿਭਾਗ, ਗੁਰੂ ਤੇਗ ਬਹਾਦਰ ਕਾਲਜ ਭਵਾਨੀਗੜ੍ਹ।

ਸਾਰ

ਭਾਰਤੀ ਗਿਆਨ-ਪਰੰਪਰਾ ਵਿਸ਼ਵ ਦੀਆਂ ਸਭ ਤੋਂ ਪ੍ਰਾਚੀਨ, ਵਿਭਿੰਨ ਅਤੇ ਨਿਰੰਤਰ ਵਿਕਸਿਤ ਹੋਣ ਵਾਲੀਆਂ ਬੌਧਿਕ ਪਰੰਪਰਾਵਾਂ ਵਿੱਚੋਂ ਇੱਕ ਹੈ। ਇਸ ਦਾ ਸਰੂਪ ਕੇਵਲ ਧਾਰਮਿਕ ਗ੍ਰੰਥਾਂ, ਦਾਰਸ਼ਨਿਕ ਚਿੰਤਨ ਜਾਂ ਅਧਿਆਤਮਿਕ ਸਾਧਨਾ ਤੱਕ ਸੀਮਤ ਨਹੀਂ, ਸਗੋਂ ਇਸ ਵਿੱਚ ਵਿਗਿਆਨ, ਗਣਿਤ, ਖਗੋਲ-ਵਿਗਿਆਨ, ਚਿਕਿਤਸਾ, ਭਾਸ਼ਾ-ਵਿਗਿਆਨ, ਸਾਹਿਤ, ਕਲਾ, ਸੰਗੀਤ, ਵਾਸਤੂ-ਵਿਦਿਆ, ਖੇਤੀਬਾੜੀ, ਵਾਤਾਵਰਨ, ਰਾਜਨੀਤੀ, ਅਰਥਸ਼ਾਸਤਰ, ਸਮਾਜਿਕ ਸੰਗਠਨ ਅਤੇ ਨੈਤਿਕ ਜੀਵਨ ਨਾਲ ਸੰਬੰਧਿਤ ਵਿਸ਼ਾਲ ਗਿਆਨ-ਪਰੰਪਰਾ ਸ਼ਾਮਲ ਹੈ। ਇਸ ਪਰੰਪਰਾ ਦਾ ਇਤਿਹਾਸਕ ਵਿਕਾਸ ਕਿਸੇ ਇੱਕ ਕਾਲ, ਧਰਮ, ਭਾਸ਼ਾ ਜਾਂ ਵਿਚਾਰਧਾਰਾ ਦੀ ਉਪਜ ਨਹੀਂ, ਬਲਕਿ ਵੱਖ-ਵੱਖ ਖੇਤਰਾਂ, ਸਮਾਜਿਕ ਸਮੂਹਾਂ, ਭਾਸ਼ਾਈ ਭਾਈਚਾਰਿਆਂ ਅਤੇ ਬੌਧਿਕ ਧਾਰਾਵਾਂ ਦੇ ਲੰਮੇ ਅੰਤਰ-ਸੰਵਾਦ ਦਾ ਨਤੀਜਾ ਹੈ। ਇਸ ਅਧਿਐਨ ਵਿੱਚ ਸਿੰਧੂ-ਸਰਸਵਤੀ ਸੱਭਿਅਤਾ ਦੀ ਭੌਤਿਕ ਅਤੇ ਤਕਨੀਕੀ ਸਮਰੱਥਾ, ਵੈਦਿਕ ਗਿਆਨ-ਪਰੰਪਰਾ, ਉਪਨਿਸ਼ਦਿਕ ਦਰਸ਼ਨ, ਬੌਧ ਅਤੇ ਜੈਨ ਚਿੰਤਨ, ਤਕਸ਼ਿਲਾ ਅਤੇ ਨਾਲੰਦਾ ਵਰਗੇ ਸਿੱਖਿਆ ਕੇਂਦਰਾਂ, ਗੁਪਤ ਅਤੇ ਉੱਤਰ-ਗੁਪਤ ਕਾਲ ਦੀਆਂ ਵਿਗਿਆਨਕ ਪ੍ਰਾਪਤੀਆਂ, ਮੱਧਕਾਲੀਨ ਭਗਤੀ ਅਤੇ ਸੂਫ਼ੀ ਧਾਰਾਵਾਂ, ਖੇਤਰੀ ਭਾਸ਼ਾਵਾਂ ਅਤੇ ਆਧੁਨਿਕ ਭਾਰਤੀ ਪੁਨਰਜਾਗਰਣ ਦਾ ਚਿੰਤਨ ਸ਼ਾਮਲ ਹੈ। ਇਸ ਦੇ ਨਾਲ ਹੀ ਬਸਤੀਵਾਦੀ ਸਿੱਖਿਆ ਪ੍ਰਣਾਲੀ, ਆਧੁਨਿਕ ਭਾਰਤ ਦੀਆਂ ਸਿੱਖਿਆ ਪ੍ਰਣਾਲੀਆਂ ਅਤੇ ਰਾਸ਼ਟਰੀ ਸਿੱਖਿਆ ਨੀਤੀ 2020 ਦੇ ਸੰਦਰਭ ਵਿੱਚ ਭਾਰਤੀ ਗਿਆਨ-ਪਰੰਪਰਾਵਾਂ ਦੇ ਪੁਨਰ-ਮੁਲਾਂਕਣ ਦੀ ਲੋੜ ਨੂੰ ਵਿਚਾਰਿਆ ਗਿਆ ਹੈ। ਇੱਥੇ ਇਹ ਵਿਚਾਰਨਯੋਗ ਹੈ ਕਿ ਭਾਰਤੀ ਗਿਆਨ-ਪਰੰਪਰਾਵਾਂ ਨੂੰ ਨਾ ਤਾਂ ਅਤੀਤ ਦੀ ਮਹਿਮਾ ਦੇ ਅੰਧ-ਗੁਣਗਾਨ ਵਜੋਂ ਦੇਖਿਆ ਜਾਣਾ ਚਾਹੀਦਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਆਧੁਨਿਕ ਵਿਗਿਆਨਕ ਸੋਚ ਦੇ ਵਿਰੋਧੀ ਰੂਪ ਵਿੱਚ ਪੇਸ਼ ਕਰਨਾ ਉਚਿਤ ਹੈ। ਅਸਲ ਵਿੱਚ ਇਨ੍ਹਾਂ ਦਾ ਅਧਿਐਨ ਇਤਿਹਾਸਕ ਤੱਥਾਂ, ਆਲੋਚਨਾਤਮਕ ਵਿਸ਼ਲੇਸ਼ਣ, ਅੰਤਰ-ਅਨੁਸ਼ਾਸ਼ਨੀ ਖੋਜ ਅਤੇ ਸਮਕਾਲੀ ਸਮਾਜਿਕ ਲੋੜਾਂ ਦੇ ਆਧਾਰ ਉੱਤੇ ਕੀਤਾ ਜਾਣਾ ਚਾਹੀਦਾ ਹੈ। ਭਾਰਤੀ ਗਿਆਨ-ਪਰੰਪਰਾਵਾਂ ਦੇ ਨੈਤਿਕ, ਬੌਧਿਕ, ਵਾਤਾਵਰਨਣਿਕ ਅਤੇ ਮਾਨਵੀ ਪੱਖ ਵਰਤਮਾਨ ਸਿੱਖਿਆ, ਵਿਗਿਆਨ, ਸਿਹਤ, ਤਕਨਾਲੌਜੀ ਅਤੇ ਸਮਾਜਿਕ ਵਿਕਾਸ ਨੂੰ ਵਧੇਰੇ ਸੰਤੁਲਿਤ ਅਤੇ ਮਨੁੱਖ-ਕੇਂਦਰਿਤ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ। *ਮੁੱਖ ਸ਼ਬਦ: ਭਾਰਤੀ ਗਿਆਨ-ਪਰੰਪਰਾ, ਇਤਿਹਾਸਕ ਵਿਕਾਸ, ਵੈਦਿਕ ਸਾਹਿਤ, ਉਪਨਿਸ਼ਦ, ਬੌਧ ਦਰਸ਼ਨ, ਜੈਨ ਚਿੰਤਨ, ਵਿਗਿਆਨਕ ਵਿਰਾਸਤ, ਬਹੁ-ਵਿਸ਼ਈ ਸਿੱਖਿਆ, ਰਾਸ਼ਟਰੀ ਸਿੱਖਿਆ ਨੀਤੀ 2020, ਸਮਕਾਲੀ ਪ੍ਰਸੰਗਿਕਤਾ।*

ਕਿਸੇ ਵੀ ਸੱਭਿਅਤਾ ਦੀ ਪਛਾਣ ਕੇਵਲ ਉਸ ਦੀਆਂ ਰਾਜਨੀਤਿਕ ਪ੍ਰਾਪਤੀਆਂ, ਸਾਮਰਾਜਾਂ ਦੇ ਵਿਸਤਾਰ, ਯੁੱਧਾਂ ਜਾਂ ਆਰਥਿਕ ਸਮਰੱਥਾ ਨਾਲ ਨਹੀਂ ਹੁੰਦੀ, ਸਗੋਂ ਉਸ ਦੀ ਅਸਲ ਪਛਾਣ ਉਸ ਦੁਆਰਾ ਸਿਰਜੀ ਗਈ ਗਿਆਨ-ਪਰੰਪਰਾ, ਵਿਚਾਰਧਾਰਕ ਪਰੰਪਰਾਵਾਂ, ਵਿਗਿਆਨਕ ਖੋਜਾਂ, ਕਲਾਤਮਕ ਪ੍ਰਾਪਤੀਆਂ ਅਤੇ ਮਨੁੱਖੀ ਜੀਵਨ ਬਾਰੇ ਵਿਕਸਿਤ ਕੀਤੀ ਗਈ ਦ੍ਰਿਸ਼ਟੀ ਤੋਂ ਨਿਰਧਾਰਤ ਹੁੰਦੀ ਹੈ। ਗਿਆਨ ਕਿਸੇ ਸਮਾਜ ਦੇ ਅਤੀਤ, ਵਰਤਮਾਨ ਅਤੇ ਭਵਿੱਖ ਨੂੰ ਆਪਸ ਵਿੱਚ ਜੋੜਨ ਵਾਲੀ ਮਹੱਤਵਪੂਰਨ ਕੜੀ ਹੈ। ਇਹ ਮਨੁੱਖ ਨੂੰ ਆਪਣੇ ਕੁਦਰਤੀ ਵਾਤਾਵਰਨ, ਸਮਾਜਿਕ ਸੰਬੰਧਾਂ, ਭੌਤਿਕ ਹੋਂਦ ਅਤੇ ਬ੍ਰਹਿਮੰਡ ਦੀ ਪ੍ਰਕਿਰਤੀ ਨੂੰ ਸਮਝਣ ਦੀ ਸਮਰੱਥਾ ਪ੍ਰਦਾਨ ਕਰਦਾ ਹੈ। ਇਸੇ ਕਰਕੇ ਗਿਆਨ-ਪਰੰਪਰਾਵਾਂ ਦਾ ਅਧਿਐਨ ਕਿਸੇ ਇੱਕ ਵਿਸ਼ੇ ਜਾਂ ਅਨੁਸ਼ਾਸਨ ਤੱਕ ਸੀਮਤ ਨਹੀਂ ਰਹਿ ਸਕਦਾ। ਭਾਰਤ ਦਾ ਇਤਿਹਾਸ ਇਸ ਪੱਖੋਂ ਵਿਸ਼ੇਸ਼ ਮਹੱਤਵ ਰੱਖਦਾ ਹੈ ਕਿ ਇੱਥੇ ਗਿਆਨ ਦੀਆਂ ਅਨੇਕਾਂ ਧਾਰਾਵਾਂ ਨੇ ਹਜ਼ਾਰਾਂ ਸਾਲਾਂ ਦੌਰਾਨ ਜਨਮ ਲਿਆ, ਵਿਕਾਸ ਕੀਤਾ ਅਤੇ ਇੱਕ-ਦੂਜੇ ਨਾਲ ਸੰਵਾਦ ਰਾਹੀਂ ਨਵੇਂ ਵਿਚਾਰਾਂ ਨੂੰ ਜਨਮ ਦਿੱਤਾ। ਭਾਰਤੀ ਗਿਆਨ-ਪਰੰਪਰਾ ਦਾ ਵਿਸ਼ਾਲ ਘੇਰਾ ਵੇਦਾਂ, ਉਪਨਿਸ਼ਦਾਂ, ਬ੍ਰਾਹਮਣ ਗ੍ਰੰਥਾਂ, ਬੋਧੀ ਅਤੇ ਜੈਨੀ ਸਾਹਿਤ, ਛੇ ਦਰਸ਼ਨਾਂ, ਚਾਰਵਾਕ ਵਰਗੀਆਂ ਭੌਤਿਕਵਾਦੀ ਵਿਚਾਰਧਾਰਾਵਾਂ, ਪਾਣਿਨੀ ਦੇ ਵਿਆਕਰਨ, ਕੌਟਿਲਯ ਦੇ ਅਰਥਸ਼ਾਸਤਰ, ਚਰਕ ਦੀਆਂ ਚਿਕਿਤਸਕ ਰਚਨਾਵਾਂ, ਆਰੀਆ ਭੱਟ ਅਤੇ ਬ੍ਰਹਮਗੁਪਤ ਦੀ ਗਣਿਤਕ ਤੇ ਖਗੋਲ-ਵਿਗਿਆਨਕ ਪਰੰਪਰਾ, ਭਾਸ ਅਤੇ ਕਾਲੀਦਾਸ ਦੇ ਸਾਹਿਤ, ਭਰਤਮੁਨੀ ਦੇ ਨਾਟਯਸ਼ਾਸਤਰ, ਮੱਧਕਾਲੀਨ ਭਗਤੀ ਕਾਵਿ, ਗੁਰਮਿਤ ਕਾਵਿ ਅਤੇ ਸੂਫ਼ੀ ਸਾਹਿਤ ਤੱਕ ਫੈਲਿਆ ਹੋਇਆ ਹੈ। ਇਹ ਅਧਿਐਨ ਮੁੱਖ ਤੌਰ ਉੱਤੇ ਇਤਿਹਾਸਕ, ਵਰਣਨਾਤਮਕ ਅਤੇ ਵਿਸ਼ਲੇਸ਼ਣਾਤਮਕ ਖੋਜ ਵਿਧੀ ਉੱਤੇ ਆਧਾਰਿਤ ਹੈ। ਇਸ ਵਿੱਚ ਪ੍ਰਾਚੀਨ ਅਤੇ ਮੱਧਕਾਲੀਨ ਸਾਹਿਤਕ ਸਰੋਤਾਂ,

ISSN: 0976-5301
Peer Reviewed & Refereed Journal (IF: 7.85)
Journal Website www.coherencejournal.in

ਇਤਿਹਾਸਕ ਗ੍ਰੰਥਾਂ, ਪੁਰਾਤੱਤਵਿਕ ਅਧਿਐਨਾਂ, ਪ੍ਰਮਾਣਿਕ ਖੋਜ ਪੁਸਤਕਾਂ, ਵਿਦਵਾਨਾਂ ਦੇ ਪ੍ਰਕਾਸ਼ਿਤ ਕਾਰਜਾਂ, ਸਰਕਾਰੀ ਦਸਤਾਵੇਜ਼ਾਂ ਅਤੇ ਸਿੱਖਿਆ ਨੀਤੀ ਨਾਲ ਸੰਬੰਧਿਤ ਮੂਲ ਸਰੋਤਾਂ ਨੂੰ ਵਿਚਾਰਨ ਦੇ ਨਾਲ-ਨਾਲ ਸੈਕੰਡਰੀ ਸਰੋਤਾਂ ਨੂੰ ਵੀ ਧਿਆਨ ਵਿੱਚ ਰੱਖਿਆ ਗਿਆ ਹੈ। ਇਸ ਵਿੱਚ ਪ੍ਰਾਚੀਨ ਗਿਆਨ ਦੀਆਂ ਪ੍ਰਾਪਤੀਆਂ ਦੇ ਨਾਲ-ਨਾਲ ਉਨ੍ਹਾਂ ਦੇ ਇਤਿਹਾਸਕ ਸੰਦਰਭ, ਸਮਾਜਿਕ ਸੀਮਾਵਾਂ ਅਤੇ ਆਧੁਨਿਕ ਵਿਗਿਆਨਕ ਜਾਂਚ ਦੀ ਲੋੜ ਨੂੰ ਵੀ ਮਹੱਤਵ ਦਿੱਤਾ ਗਿਆ ਹੈ। ਭਾਰਤੀ ਗਿਆਨ-ਪਰੰਪਰਾ ਦੀ ਇੱਕ ਵਿਸ਼ੇਸ਼ਤਾ ਇਸ ਦੀ ਬਹੁਲਤਾਵਾਦੀ ਪ੍ਰਕਿਰਤੀ ਹੈ। ਭਾਰਤੀ ਬੌਧਿਕ ਇਤਿਹਾਸ ਵਿੱਚ ਕੇਵਲ ਇੱਕੋ ਵਿਚਾਰਧਾਰਾ ਦਾ ਦਬਦਬਾ ਨਹੀਂ ਰਿਹਾ। ਇੱਥੇ ਆਤਮਾ ਅਤੇ ਪਰਮਾਤਮਾ ਦੇ ਸੰਬੰਧ ਬਾਰੇ ਵੱਖ-ਵੱਖ ਵਿਚਾਰ ਮਿਲਦੇ ਹਨ; ਕੁਝ ਦਰਸ਼ਨ ਵੇਦਾਂ ਦੀ ਪ੍ਰਮਾਣਿਕਤਾ ਨੂੰ ਸਵੀਕਾਰ ਕਰਦੇ ਹਨ, ਜਦਕਿ ਬੌਧ, ਜੈਨ ਅਤੇ ਚਾਰਵਾਕ ਪਰੰਪਰਾਵਾਂ ਵੱਖਰੇ ਗਿਆਨ-ਮੀਮਾਂਸਕ ਅਤੇ ਦਾਰਸ਼ਨਿਕ ਆਧਾਰ ਪੇਸ਼ ਕਰਦੀਆਂ ਹਨ। ਨਿਆਇ ਦਰਸ਼ਨ ਤਰਕ ਅਤੇ ਪ੍ਰਮਾਣ ਦੀ ਵਿਵਸਥਿਤ ਪੜਚੋਲ ਕਰਦਾ ਹੈ, ਸਾਂਖਿਆ ਪ੍ਰਕਿਰਤੀ ਅਤੇ ਪੁਰਖ ਦੇ ਸੰਬੰਧ ਦੀ ਵਿਆਖਿਆ ਕਰਦਾ ਹੈ, ਯੋਗ ਮਨੁੱਖੀ ਚੇਤਨਾ ਅਤੇ ਅਨੁਸ਼ਾਸਨ ਦਾ ਵਿਸ਼ਲੇਸ਼ਣ ਕਰਦਾ ਹੈ, ਜਦਕਿ ਬੋਧ ਦਰਸ਼ਨ ਮਹਾਂਤਿਆਗ, ਅਸ਼ਟਮਾਰਗ ਅਤੇ ਨਿਰਵਾਣ ਵਰਗੇ ਸਿਧਾਂਤਾਂ ਉੱਤੇ ਜ਼ੋਰ ਦਿੰਦਾ ਹੈ। ਇਹ ਵਿਭਿੰਨਤਾ ਭਾਰਤੀ ਗਿਆਨ-ਪਰੰਪਰਾ ਨੂੰ ਇੱਕ ਗਤੀਸ਼ੀਲ ਬੌਧਿਕ ਪ੍ਰਕਿਰਿਆ ਵਜੋਂ ਸਥਾਪਿਤ ਕਰਦੀ ਹੈ।ਆਧੁਨਿਕ ਯੁੱਗ ਵਿੱਚ ਵਿਸ਼ਵੀਕਰਨ, ਵਿਗਿਆਨਕ ਤਰੱਕੀ, ਡਿਜੀਟਲ ਤਕਨਾਲੋਜੀ, ਮਸਨੂਈ ਬੁੱਧੀ, ਵਾਤਾਵਰਨਕ ਸੰਕਟ, ਮਾਨਸਿਕ ਤਣਾਅ, ਸਮਾਜਿਕ ਅਸਮਾਨਤਾ ਅਤੇ ਨੈਤਿਕ ਚੁਣੌਤੀਆਂ ਨੇ ਮਨੁੱਖੀ ਸਮਾਜ ਸਾਹਮਣੇ ਨਵੇਂ ਸਵਾਲ ਖੜ੍ਹੇ ਕੀਤੇ ਹਨ। ਇਨ੍ਹਾਂ ਹਾਲਾਤਾਂ ਵਿੱਚ ਕੇਵਲ ਤਕਨੀਕੀ ਕੁਸ਼ਲਤਾ ਜਾਂ ਆਰਥਿਕ ਵਿਕਾਸ ਨੂੰ ਮਨੁੱਖੀ ਤਰੱਕੀ ਦਾ ਇਕ ਮਾਤਰ ਮਾਪਦੰਡ ਨਹੀਂ ਮੰਨਿਆ ਜਾ ਸਕਦਾ। ਲੋੜ ਅਜਿਹੀ ਗਿਆਨ-ਪ੍ਰਣਾਲੀ ਦੀ ਹੈ ਜੋ ਵਿਗਿਆਨਕ ਤਰਕਸ਼ੀਲਤਾ ਦੇ ਨਾਲ ਨੈਤਿਕ ਚੇਤਨਾ, ਸਮਾਜਿਕ ਜ਼ਿੰਮੇਵਾਰੀ, ਵਾਤਾਵਰਣਿਕ ਸੰਤੁਲਨ ਅਤੇ ਮਨੁੱਖੀ ਸੰਵੇਦਨਸ਼ੀਲਤਾ ਨੂੰ ਵੀ ਮਹੱਤਵ ਦੇਵੇ। ਇਸ ਸੰਦਰਭ ਵਿੱਚ ਭਾਰਤੀ ਗਿਆਨ-ਪਰੰਪਰਾਵਾਂ ਦਾ ਆਲੋਚਨਾਤਮਕ ਅਤੇ ਸਮਕਾਲੀ ਅਧਿਐਨ ਮਹੱਤਵਪੂਰਨ ਬਣ ਜਾਂਦਾ ਹੈ। ਰਾਸ਼ਟਰੀ ਸਿੱਖਿਆ ਨੀਤੀ 2020 ਨੇ ਵੀ ਭਾਰਤੀ ਗਿਆਨ-ਪਰੰਪਰਾਵਾਂ, ਸਥਾਨਕ ਭਾਸ਼ਾਵਾਂ, ਕਲਾਵਾਂ, ਸੱਭਿਆਚਾਰ, ਨੈਤਿਕਤਾ ਅਤੇ ਬਹੁ-ਅਨੁਸ਼ਾਸ਼ਨੀ ਸਿੱਖਿਆ ਨੂੰ ਮਹੱਤਵਪੂਰਨ ਸਥਾਨ ਦਿੱਤਾ ਹੈ। ਇਸ ਨੀਤੀ ਅਨੁਸਾਰ ਸਿੱਖਿਆ ਦਾ ਉਦੇਸ਼ ਕੇਵਲ ਰੁਜ਼ਗਾਰ ਪ੍ਰਾਪਤੀ ਲਈ ਵਿਦਿਆਰਥੀਆਂ ਨੂੰ ਤਿਆਰ ਕਰਨਾ ਨਹੀਂ, ਸਗੋਂ ਉਨ੍ਹਾਂ ਦਾ ਬੌਧਿਕ, ਸਮਾਜਿਕ, ਨੈਤਿਕ, ਸਰੀਰਕ ਅਤੇ ਭਾਵਨਾਤਮਕ ਵਿਕਾਸ ਕਰਨਾ ਵੀ ਹੈ। ਇਸ ਲਈ ਭਾਰਤੀ ਗਿਆਨ-ਪਰੰਪਰਾਵਾਂ ਦਾ ਇਤਿਹਾਸਕ ਅਧਿਐਨ ਵਰਤਮਾਨ ਸਿੱਖਿਆ ਪ੍ਰਣਾਲੀ ਦੀਆਂ ਲੋੜਾਂ ਨਾਲ ਸਿੱਧੇ ਤੌਰ ਉੱਤੇ ਜੁੜਦਾ ਹੈ। ਪ੍ਰਸਤੁਤ ਖੋਜ ਪੱਤਰ ਵਿੱਚ ਭਾਰਤੀ ਗਿਆਨ-ਪਰੰਪਰਾਵਾਂ ਨੂੰ ਇੱਕ ਵਿਸਤ੍ਰਿਤ ਇਤਿਹਾਸਕ ਅਤੇ ਬਹੁ-ਅਨੁਸ਼ਾਸ਼ਨੀ ਪਰਿਪੇਖ ਵਿੱਚ ਸਮਝਣ ਦਾ ਯਤਨ ਕੀਤਾ ਗਿਆ ਹੈ। ਇਸ ਦਾ ਉਦੇਸ਼ ਅਤੀਤ ਦੀਆਂ ਪ੍ਰਾਪਤੀਆਂ ਦਾ ਵਰਣਨ ਕਰਨ ਦੇ ਨਾਲ-ਨਾਲ ਉਨ੍ਹਾਂ ਦੀਆਂ ਸੀਮਾਵਾਂ, ਇਤਿਹਾਸਕ ਸਥਿਤੀਆਂ, ਗਿਆਨ ਦੇ ਪ੍ਰਸਾਰ ਦੇ ਸਾਧਨਾਂ ਅਤੇ ਵਰਤਮਾਨ ਸਮਾਜ ਵਿੱਚ ਉਨ੍ਹਾਂ ਦੀ ਉਪਯੋਗਤਾ ਦੀ ਆਲੋਚਨਾਤਮਕ ਪੜਚੋਲ ਕਰਨਾ ਹੈ। ਭਾਰਤੀ ਗਿਆਨ-ਪਰੰਪਰਾ ਤੋਂ ਭਾਵ ਭਾਰਤੀ ਉਪ-ਮਹਾਂਦੀਪ ਵਿੱਚ ਵੱਖ-ਵੱਖ ਇਤਿਹਾਸਕ ਕਾਲਾਂ ਦੌਰਾਨ ਵਿਕਸਿਤ ਹੋਈਆਂ ਉਨ੍ਹਾਂ ਬੌਧਿਕ, ਵਿਗਿਆਨਕ, ਦਾਰਸ਼ਨਿਕ, ਸਾਹਿਤਕ, ਕਲਾਤਮਕ ਅਤੇ ਵਿਹਾਰਕ ਪ੍ਰਣਾਲੀਆਂ ਤੋਂ ਹੈ, ਜਿਨ੍ਹਾਂ ਰਾਹੀਂ ਮਨੁੱਖ ਨੇ ਕੁਦਰਤ, ਸਮਾਜ, ਜੀਵਨ, ਚੇਤਨਾ, ਭਾਸ਼ਾ, ਸਿਹਤ, ਰਾਜਨੀਤੀ ਅਤੇ ਬ੍ਰਹਿਮੰਡ ਬਾਰੇ ਗਿਆਨ ਪ੍ਰਾਪਤ ਕੀਤਾ ਅਤੇ ਉਸ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਇਆ। ਭਾਰਤੀ ਗਿਆਨ-ਪਰੰਪਰਾ ਕੋਈ ਇਕਸਾਰ, ਅਪਰਿਵਰਤਨਸ਼ੀਲ ਜਾਂ ਇੱਕੋ ਧਾਰਮਿਕ ਵਿਚਾਰਧਾਰਾ ਉੱਤੇ ਆਧਾਰਿਤ ਪ੍ਰਣਾਲੀ ਨਹੀਂ ਹੈ। ਇਸ ਵਿੱਚ ਵੈਦਿਕ ਅਤੇ ਅਵੈਦਿਕ ਪਰੰਪਰਾਵਾਂ, ਆਸਤਿਕ ਅਤੇ ਨਾਸਤਿਕ ਦਰਸ਼ਨ, ਬੌਧ ਅਤੇ ਜੈਨ ਚਿੰਤਨ, ਲੋਕ-ਗਿਆਨ, ਆਦਿਵਾਸੀ ਗਿਆਨ, ਖੇਤਰੀ ਸਾਹਿਤਕ ਧਾਰਾਵਾਂ, ਗੁਰਮਿਤ-ਕਾਵਿ, ਸੂਫ਼ੀ ਵਿਚਾਰਧਾਰਾ ਅਤੇ ਵੱਖ-ਵੱਖ ਸਮਾਜਿਕ ਭਾਈਚਾਰਿਆਂ ਦੀਆਂ ਵਿਹਾਰਕ ਗਿਆਨ-ਪ੍ਰਣਾਲੀਆਂ ਸ਼ਾਮਲ ਹਨ। ਇਸ ਲਈ ਭਾਰਤੀ ਗਿਆਨ-ਪਰੰਪਰਾ ਨੂੰ ਸਮਝਣ ਲਈ ਇਸ ਦੀ ਬਹੁਲਤਾ ਅਤੇ ਇਤਿਹਾਸਕ ਗਤੀਸ਼ੀਲਤਾ ਨੂੰ ਸਵੀਕਾਰ ਕਰਨਾ ਲਾਜ਼ਮੀ ਹੈ। ਭਾਰਤੀ ਪਰੰਪਰਾ ਵਿੱਚ ਗਿਆਨ ਨੂੰ ਮਨੁੱਖੀ ਜੀਵਨ ਦੀ ਸਮਝ, ਸੱਚ ਦੀ ਖੋਜ, ਨੈਤਿਕ ਵਿਹਾਰ, ਆਤਮ-ਅਨੁਸ਼ਾਸਨ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਜੋੜਿਆ ਜਾਂਦਾ ਰਿਹਾ ਹੈ। ਵੱਖ-ਵੱਖ ਦਰਸ਼ਨਾਂ ਵਿੱਚ ਗਿਆਨ ਦੇ ਸਰੋਤਾਂ ਬਾਰੇ ਵੱਖਰੇ ਵਿਚਾਰ ਮਿਲਦੇ ਹਨ। ਨਿਆਇ ਦਰਸ਼ਨ ਵਿੱਚ ਪ੍ਰਤੱਖ, ਅਨੁਮਾਨ, ਉਪਮਾਨ ਅਤੇ ਸ਼ਬਦ ਨੂੰ ਪ੍ਰਮਾਣ ਵਜੋਂ ਸਵੀਕਾਰਿਆ ਗਿਆ ਹੈ। ਬੌਧ ਦਰਸ਼ਨ ਵਿੱਚ ਪ੍ਰਤੱਖ ਅਨੁਭਵ ਅਤੇ ਤਰਕ ਦੀ ਵਿਸ਼ੇਸ਼ ਭੂਮਿਕਾ ਹੈ, ਜਦਕਿ ਜੈਨ ਦਰਸ਼ਨ ਵਿੱਚ ਅਨੇਕਾਂਤਵਾਦ ਰਾਹੀਂ ਸੱਚ ਦੀ ਬਹੁਪੱਖੀ ਪ੍ਰਕਿਰਤੀ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਭਾਰਤੀ ਗਿਆਨ-ਪਰੰਪਰਾ ਦਾ ਇੱਕ ਮਹੱਤਵਪੂਰਨ ਪੱਖ ਇਸ ਦਾ ਵਿਹਾਰਕ ਸਰੂਪ ਵੀ ਹੈ। ਖੇਤੀਬਾੜੀ, ਜਲ-ਪ੍ਰਬੰਧਨ, ਧਾਤੂ-ਵਿਗਿਆਨ, ਕੱਪੜਾ-ਨਿਰਮਾਣ, ਜਹਾਜ਼ਰਾਨੀ, ਭਵਨ-ਨਿਰਮਾਣ, ਔਸ਼ਧੀ ਪੌਦਿਆਂ ਦੀ ਪਛਾਣ, ਪਸ਼ੂ-ਪਾਲਣ ਅਤੇ ਮੌਸਮ ਦੀ ਸਮਝ ਵਰਗੇ ਖੇਤਰਾਂ ਵਿੱਚ ਵਿਕਸਿਤ ਗਿਆਨ ਦਾ ਸੰਬੰਧ

ISSN: 0976-5301
Peer Reviewed & Refereed Journal (IF: 7.85)
Journal Website www.coherencejournal.in

ਆਮ ਮਨੁੱਖੀ ਜੀਵਨ ਨਾਲ ਸੀ। ਇਹ ਗਿਆਨ ਅਕਸਰ ਪੀੜ੍ਹੀ-ਦਰ-ਪੀੜ੍ਹੀ ਮੌਖਿਕ ਪਰੰਪਰਾਵਾਂ, ਪਰਿਵਾਰਕ ਹੁਨਰਾਂ, ਪੇਸ਼ਾਵਰ ਭਾਈਚਾਰਿਆਂ ਅਤੇ ਸਥਾਨਕ ਅਨੁਭਵਾਂ ਰਾਹੀਂ ਅੱਗੇ ਵਧਦਾ ਰਿਹਾ। ਇਸ ਤਰ੍ਹਾਂ ਭਾਰਤੀ ਗਿਆਨ-ਪਰੰਪਰਾ ਨੂੰ ਤਿੰਨ ਆਪਸੀ ਤੌਰ ਉੱਤੇ ਜੁੜੇ ਪੱਖਾਂ ਰਾਹੀਂ ਸਮਝਿਆ ਜਾ ਸਕਦਾ ਹੈ। ਪਹਿਲਾ ਪੱਖ ਸਿਧਾਂਤਕ ਅਤੇ ਦਾਰਸ਼ਨਿਕ ਚਿੰਤਨ ਹੈ, ਜਿਸ ਵਿੱਚ ਸੱਚ, ਗਿਆਨ, ਹੋਂਦ ਅਤੇ ਨੈਤਿਕਤਾ ਬਾਰੇ ਵਿਚਾਰ ਸ਼ਾਮਲ ਹਨ। ਦੂਜਾ ਪੱਖ ਵਿਗਿਆਨਕ ਅਤੇ ਤਕਨੀਕੀ ਗਿਆਨ ਹੈ, ਜਿਸ ਵਿੱਚ ਗਣਿਤ, ਚਿਕਿਤਸਾ, ਖਗੋਲ-ਵਿਗਿਆਨ ਅਤੇ ਧਾਤੂ-ਵਿਗਿਆਨ ਵਰਗੇ ਵਿਸ਼ੇ ਆਉਂਦੇ ਹਨ। ਤੀਜਾ ਪੱਖ ਲੋਕ-ਜੀਵਨ ਅਤੇ ਸਮਾਜਿਕ ਅਨੁਭਵਾਂ ਤੋਂ ਪੈਦਾ ਹੋਇਆ ਵਿਹਾਰਕ ਗਿਆਨ ਹੈ, ਜੋ ਵਾਤਾਵਰਨ, ਖੇਤੀਬਾੜੀ, ਕਲਾ, ਹਸਤਕਲਾ ਅਤੇ ਸਮਾਜਿਕ ਸੰਗਠਨ ਨਾਲ ਸੰਬੰਧਿਤ ਹੈ। ਇਹ ਤਿੰਨੇ ਪੱਖ ਇੱਕ-ਦੂਜੇ ਤੋਂ ਪੂਰੀ ਤਰ੍ਹਾਂ ਵੱਖਰੇ ਨਹੀਂ ਸਨ। ਕਈ ਵਾਰ ਦਾਰਸ਼ਨਿਕ ਵਿਚਾਰ ਵਿਗਿਆਨਕ ਖੋਜ ਨੂੰ ਪ੍ਰਭਾਵਿਤ ਕਰਦੇ ਸਨ ਅਤੇ ਵਿਹਾਰਕ ਅਨੁਭਵ ਨਵੇਂ ਸਿਧਾਂਤਕ ਵਿਚਾਰਾਂ ਦੇ ਵਿਕਾਸ ਦਾ ਆਧਾਰ ਬਣਦੇ ਸਨ। ਇਸ ਲਈ ਭਾਰਤੀ ਗਿਆਨ-ਪਰੰਪਰਾ ਦਾ ਅਧਿਐਨ ਕੇਵਲ ਗ੍ਰੰਥਾਂ ਦੇ ਅਧਿਐਨ ਤੱਕ ਸੀਮਤ ਰੱਖਣਾ ਇਸ ਦੇ ਅਸਲ ਸਰੂਪ ਨੂੰ ਸੰਕੁਚਿਤ ਕਰ ਦੇਵੇਗਾ। ਭਾਰਤੀ ਗਿਆਨ-ਪਰੰਪਰਾ ਦੇ ਵਿਕਾਸ ਵਿੱਚ ਸਿੱਖਿਆ ਸੰਸਥਾਵਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ। ਪ੍ਰਾਚੀਨ ਭਾਰਤ ਵਿੱਚ ਸਿੱਖਿਆ ਦਾ ਪ੍ਰਸਾਰ ਗੁਰੁਕੁਲਾਂ, ਆਸ਼ਰਮਾਂ, ਵਿਹਾਰਾਂ, ਮਠਾਂ, ਮੰਦਰਾਂ ਅਤੇ ਵਿਸ਼ੇਸ਼ ਅਧਿਐਨ ਕੇਂਦਰਾਂ ਰਾਹੀਂ ਹੁੰਦਾ ਸੀ। ਵੱਖ-ਵੱਖ ਸਮਿਆਂ ਅਤੇ ਖੇਤਰਾਂ ਵਿੱਚ ਇਨ੍ਹਾਂ ਸੰਸਥਾਵਾਂ ਦਾ ਸਰੂਪ ਵੱਖਰਾ ਸੀ। ਸਿੱਖਿਆ ਦੇ ਵਿਸ਼ਿਆਂ ਵਿੱਚ ਭਾਸ਼ਾ, ਵਿਆਕਰਨ, ਦਰਸ਼ਨ, ਧਰਮ, ਤਰਕ, ਗਣਿਤ, ਚਿਕਿਤਸਾ, ਖਗੋਲ-ਵਿਗਿਆਨ, ਰਾਜਨੀਤੀ ਅਤੇ ਕਲਾ ਸ਼ਾਮਲ ਸਨ। ਇਨ੍ਹਾਂ ਪ੍ਰਾਚੀਨ ਸੰਸਥਾਵਾਂ ਦਾ ਸਮਕਾਲੀ ਮਹੱਤਵ ਉੱਚ ਸਿੱਖਿਆ ਦੀ ਬਹੁ-ਅਨੁਸ਼ਾਸ਼ਨੀ ਪ੍ਰਕਿਰਤੀ, ਅੰਤਰਰਾਸ਼ਟਰੀ ਅਕਾਦਮਿਕ ਸੰਪਰਕ, ਅਧਿਆਪਕ-ਵਿਦਿਆਰਥੀ ਸੰਵਾਦ ਅਤੇ ਖੋਜ-ਕੇਂਦਰਿਤ ਸਿੱਖਿਆ ਦੇ ਇਤਿਹਾਸਕ ਮਾਡਲਾਂ ਵਿੱਚ ਹੈ। ਨਾਲੰਦਾ ਵਰਗੇ ਕੇਂਦਰਾਂ ਦਾ ਅਧਿਐਨ ਸਾਨੂੰ ਇਹ ਸਮਝਣ ਵਿੱਚ ਸਹਾਇਤਾ ਕਰਦਾ ਹੈ ਕਿ ਗਿਆਨ ਦਾ ਵਿਕਾਸ ਕਿਸੇ ਇੱਕ ਭੂਗੋਲਿਕ ਜਾਂ ਭਾਸ਼ਾਈ ਸੀਮਾ ਵਿੱਚ ਬੰਦ ਨਹੀਂ ਰਹਿੰਦਾ, ਸਗੋਂ ਵਿਚਾਰਾਂ ਦੇ ਆਦਾਨ-ਪ੍ਰਦਾਨ ਨਾਲ ਅੱਗੇ ਵਧਦਾ ਹੈ। ਭਾਰਤੀ ਗਿਆਨ-ਪਰੰਪਰਾ ਵਿੱਚ ਭਾਸ਼ਾ-ਵਿਗਿਆਨ ਦਾ ਸਥਾਨ ਬਹੁਤ ਮਹੱਤਵਪੂਰਨ ਹੈ। ਪਾਣਿਨੀ ਦੀ ਅਸ਼ਟਾਧਿਆਈ ਸੰਸਕ੍ਰਿਤ ਵਿਆਕਰਨ ਦਾ ਇੱਕ ਅਸਾਧਾਰਨ ਗ੍ਰੰਥ ਹੈ। ਇਸ ਵਿੱਚ ਸੰਸਕ੍ਰਿਤ ਭਾਸ਼ਾ ਦੇ ਰੂਪਾਂ, ਸ਼ਬਦ-ਨਿਰਮਾਣ ਅਤੇ ਵਿਆਕਰਨਕ ਨਿਯਮਾਂ ਨੂੰ ਸੰਖੇਪ ਸੂਤਰਾਂ ਰਾਹੀਂ ਵਿਵਸਥਿਤ ਕੀਤਾ ਗਿਆ ਹੈ। ਪਾਣਿਨੀ ਦੀ ਪ੍ਰਣਾਲੀ ਵਿੱਚ ਨਿਯਮਾਂ ਦੀ ਸਟੀਕਤਾ, ਸੰਕੇਤਕ ਪ੍ਰਣਾਲੀ ਅਤੇ ਰੂਪ-ਨਿਰਮਾਣ ਦੀ ਵਿਧੀ ਵਿਸ਼ੇਸ਼ ਧਿਆਨਯੋਗ ਹੈ। ਪਾਣਿਨੀ ਤੋਂ ਪਹਿਲਾਂ ਵੀ ਭਾਸ਼ਾਈ ਚਿੰਤਨ ਦੀ ਪਰੰਪਰਾ ਮੌਜੂਦ ਸੀ, ਪਰ ਅਸ਼ਟਾਧਿਆਈ ਨੇ ਵਿਆਕਰਨਕ ਵਿਸ਼ਲੇਸ਼ਣ ਨੂੰ ਇੱਕ ਵਿਵਸਥਿਤ ਰੂਪ ਦਿੱਤਾ। ਪਾਣਿਨੀ ਦੀਆਂ ਵਿਧੀਆਂ ਦਾ ਆਧੁਨਿਕ ਭਾਸ਼ਾ-ਵਿਗਿਆਨ, ਰੂਪ-ਵਿਗਿਆਨ ਅਤੇ ਕੰਪਿਊਟੇਸ਼ਨਲ ਭਾਸ਼ਾ-ਪ੍ਰਕਿਰਿਆ ਦੇ ਸੰਦਰਭ ਵਿੱਚ ਅਧਿਐਨ ਕੀਤਾ ਜਾਂਦਾ ਹੈ। ਹਾਲਾਂਕਿ ਪਾਣਿਨੀ ਦੇ ਵਿਆਕਰਨ ਨੂੰ ਆਧੁਨਿਕ ਕੰਪਿਊਟਰ ਭਾਸ਼ਾ ਦਾ ਸਿੱਧਾ ਬਦਲ ਕਹਿਣਾ ਠੀਕ ਨਹੀਂ, ਪਰ ਨਿਯਮ-ਆਧਾਰਿਤ ਭਾਸ਼ਾਈ ਪ੍ਰਣਾਲੀਆਂ ਦੀ ਸਮਝ ਲਈ ਇਸ ਦਾ ਇਤਿਹਾਸਕ ਅਤੇ ਸਿਧਾਂਤਕ ਮਹੱਤਵ ਹੈ। ਭਾਰਤੀ ਸਾਹਿਤਕ ਚਿੰਤਨ ਵਿੱਚ ਭਰਤਮੁਨੀ ਦਾ ਨਾਟਯਸ਼ਾਸਤਰ ਮਹੱਤਵਪੂਰਨ ਸਥਾਨ ਰੱਖਦਾ ਹੈ। ਇਸ ਗ੍ਰੰਥ ਵਿੱਚ ਨਾਟਕ, ਅਭਿਨੈ, ਸੰਗੀਤ, ਨ੍ਰਿਤ ਅਤੇ ਰਸ ਸਿਧਾਂਤ ਬਾਰੇ ਵਿਸਤ੍ਰਿਤ ਵਿਚਾਰ ਮਿਲਦੇ ਹਨ। ਰਸ ਸਿਧਾਂਤ ਅਨੁਸਾਰ ਸਾਹਿਤਕ ਅਤੇ ਨਾਟਕੀ ਰਚਨਾ ਦਾ ਮੁੱਖ ਉਦੇਸ਼ ਦਰਸ਼ਕ ਜਾਂ ਪਾਠਕ ਵਿੱਚ ਵਿਸ਼ੇਸ਼ ਭਾਵਨਾਤਮਕ ਅਨੁਭਵ ਪੈਦਾ ਕਰਨਾ ਹੈ। ਸ਼੍ਰਿੰਗਾਰ, ਵੀਰ, ਕਰੁਣ, ਹਾਸ, ਰੌਦਰ, ਭਿਆਨਕ, ਬੀਭਤਸ ਅਤੇ ਅਦਭੁਤ ਵਰਗੇ ਰਸਾਂ ਦੀ ਵਿਆਖਿਆ ਭਾਰਤੀ ਕਾਵਿ-ਸ਼ਾਸਤਰ ਦੀ ਮਹੱਤਵਪੂਰਨ ਪ੍ਰਾਪਤੀ ਹੈ। ਬਾਅਦ ਵਿੱਚ ਸ਼ਾਂਤ ਰਸ ਨੂੰ ਵੀ ਵੱਖਰੇ ਤੌਰ ਉੱਤੇ ਮਹੱਤਵ ਮਿਲਿਆ। ਭਾਰਤੀ ਸਾਹਿਤਕ ਪਰੰਪਰਾ ਵਿੱਚ ਕਾਲੀਦਾਸ, ਭਾਸ, ਭਵਭੂਤੀ, ਬਾਣਭੱਟ ਅਤੇ ਹੋਰ ਲੇਖਕਾਂ ਨੇ ਨਾਟਕ, ਕਾਵਿ ਅਤੇ ਗੱਦ ਸਾਹਿਤ ਨੂੰ ਸਮ੍ਰਿੱਧ ਕੀਤਾ। ਇਸ ਦੇ ਨਾਲ ਤਮਿਲ ਸੰਗਮ ਸਾਹਿਤ ਨੇ ਦੱਖਣੀ ਭਾਰਤ ਦੇ ਸਮਾਜਿਕ, ਆਰਥਿਕ, ਪ੍ਰੇਮ, ਯੁੱਧ ਅਤੇ ਰਾਜਨੀਤਿਕ ਜੀਵਨ ਦੀ ਮਹੱਤਵਪੂਰਨ ਤਸਵੀਰ ਪੇਸ਼ ਕੀਤੀ। ਤਿਰੁੱਕੁਰਲ ਵਰਗੀ ਰਚਨਾ ਵਿੱਚ ਨੈਤਿਕਤਾ, ਸਮਾਜਿਕ ਜ਼ਿੰਮੇਵਾਰੀ, ਰਾਜਨੀਤੀ ਅਤੇ ਪਰਿਵਾਰਕ ਜੀਵਨ ਬਾਰੇ ਵਿਚਾਰ ਮਿਲਦੇ ਹਨ। ਭਾਰਤੀ ਕਾਵਿ-ਸ਼ਾਸਤਰ ਦੀਆਂ ਵੱਖ-ਵੱਖ ਧਾਰਾਵਾਂ ਵਿੱਚ ਅਲੰਕਾਰ, ਧੁਨੀ, ਰੀਤੀ, ਵਕ੍ਰੋਕਤੀ ਅਤੇ ਔਚਿਤਯ ਸਿਧਾਂਤਾਂ ਦਾ ਵਿਕਾਸ ਹੋਇਆ। ਇਨ੍ਹਾਂ ਸਿਧਾਂਤਾਂ ਨੇ ਸਾਹਿਤ ਦੀ ਭਾਸ਼ਾ, ਅਰਥ, ਸੁੰਦਰਤਾ ਅਤੇ ਪਾਠਕ ਦੇ ਅਨੁਭਵ ਦੀ ਵਿਸ਼ਲੇਸ਼ਣਾਤਮਕ ਸਮਝ ਵਿਕਸਿਤ ਕੀਤੀ। ਸਮਕਾਲੀ ਸਾਹਿਤਕ ਆਲੋਚਨਾ ਵਿੱਚ ਇਨ੍ਹਾਂ ਸਿਧਾਂਤਾਂ ਦਾ ਤੁਲਨਾਤਮਕ ਅਧਿਐਨ ਭਾਰਤੀ ਅਤੇ ਵਿਸ਼ਵ ਸਾਹਿਤਕ ਸਿਧਾਂਤਾਂ ਵਿਚਕਾਰ ਸੰਵਾਦ ਸਥਾਪਿਤ ਕਰ ਸਕਦਾ ਹੈ। ਮੱਧਕਾਲੀਨ ਭਾਰਤ ਨੂੰ ਕਈ ਵਾਰ ਕੇਵਲ ਰਾਜਨੀਤਿਕ ਟਕਰਾਅ ਜਾਂ ਧਾਰਮਿਕ ਸੰਘਰਸ਼ਾਂ ਦੇ ਆਧਾਰ ਉੱਤੇ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਇਹ ਦ੍ਰਿਸ਼ਟੀਕੋਣ ਇਸ ਦੌਰ ਦੀ ਵਿਸ਼ਾਲ ਬੌਧਿਕ ਅਤੇ ਸੱਭਿਆਚਾਰਕ ਗਤੀਸ਼ੀਲਤਾ ਨੂੰ ਪੂਰੀ ਤਰ੍ਹਾਂ ਨਹੀਂ ਸਮਝਾ ਸਕਦਾ। ਇਸ ਸਮੇਂ ਭਾਰਤੀ ਉਪਮਹਾਂਦੀਪ ਵਿੱਚ ਵੱਖ-ਵੱਖ ਭਾਸ਼ਾਵਾਂ,

ISSN: 0976-5301
Peer Reviewed & Refereed Journal (IF: 7.85)
Journal Website www.coherencejournal.in

ਧਾਰਮਿਕ ਪਰੰਪਰਾਵਾਂ ਅਤੇ ਵਿਦਵਤ ਸਮੂਹਾਂ ਵਿਚਕਾਰ ਸੰਵਾਦ ਦੇ ਕਈ ਰੂਪ ਵਿਕਸਿਤ ਹੋਏ। ਸੰਸਕ੍ਰਿਤ, ਅਰਬੀ, ਫ਼ਾਰਸੀ, ਪ੍ਰਾਕ੍ਰਿਤ, ਅਪਭ੍ਰੰਸ਼ ਅਤੇ ਖੇਤਰੀ ਭਾਸ਼ਾਵਾਂ ਵਿੱਚ ਗਿਆਨ ਦਾ ਉਤਪਾਦਨ ਅਤੇ ਪ੍ਰਸਾਰ ਜਾਰੀ ਰਿਹਾ। ਇਸ ਦੌਰ ਵਿੱਚ ਭਗਤੀ ਲਹਿਰ ਨੇ ਧਾਰਮਿਕ ਅਤੇ ਸਮਾਜਿਕ ਚਿੰਤਨ ਨੂੰ ਨਵੀਂ ਦਿਸ਼ਾ ਦਿੱਤੀ। ਦੱਖਣੀ ਭਾਰਤ ਦੇ ਆਲਵਾਰ ਅਤੇ ਨਾਇਨਾਰ ਸੰਤਾਂ ਤੋਂ ਲੈ ਕੇ ਉੱਤਰੀ ਭਾਰਤ ਦੇ ਕਬੀਰ, ਰਵਿਦਾਸ, ਨਾਮਦੇਵ, ਮੀਰਾਬਾਈ, ਸੂਰਦਾਸ ਅਤੇ ਤੁਲਸੀਦਾਸ ਤੱਕ ਵੱਖ-ਵੱਖ ਸੰਤਾਂ ਨੇ ਲੋਕ-ਭਾਸ਼ਾਵਾਂ ਵਿੱਚ ਰਚਨਾ ਕਰਕੇ ਧਾਰਮਿਕ ਅਨੁਭਵ ਨੂੰ ਆਮ ਲੋਕਾਂ ਤੱਕ ਪਹੁੰਚਾਇਆ। ਭਗਤੀ ਸਾਹਿਤ ਨੇ ਜਾਤ-ਪਾਤ, ਬਾਹਰੀ ਰਸਮਾਂ ਅਤੇ ਸਮਾਜਿਕ ਅਸਮਾਨਤਾ ਬਾਰੇ ਸਵਾਲ ਉਠਾਏ। ਇਸ ਦੀਆਂ ਵੱਖ-ਵੱਖ ਧਾਰਾਵਾਂ ਨੇ ਵਿਅਕਤੀਗਤ ਆਤਮਿਕ ਅਨੁਭਵ, ਪ੍ਰੇਮ, ਸਮਾਨਤਾ ਅਤੇ ਨੈਤਿਕ ਜੀਵਨ ਨੂੰ ਮਹੱਤਵ ਦਿੱਤਾ। ਸੂਫ਼ੀ ਪਰੰਪਰਾ ਨੇ ਵੀ ਭਾਰਤੀ ਸੱਭਿਆਚਾਰਕ ਜੀਵਨ ਨੂੰ ਪ੍ਰਭਾਵਿਤ ਕੀਤਾ। ਚਿਸ਼ਤੀ ਅਤੇ ਹੋਰ ਸੂਫ਼ੀ ਸਿਲਸਿਲਿਆਂ ਦੇ ਕੇਂਦਰਾਂ ਨੇ ਆਤਮਿਕ ਅਨੁਭਵ, ਮਨੁੱਖੀ ਪ੍ਰੇਮ, ਸੇਵਾ ਅਤੇ ਸਮਾਜਿਕ ਸੰਪਰਕ ਨੂੰ ਮਹੱਤਵ ਦਿੱਤਾ। ਖ਼ਾਨਕਾਹਾਂ ਅਤੇ ਦਰਗਾਹਾਂ ਨੇ ਵੱਖ-ਵੱਖ ਸਮਾਜਿਕ ਵਰਗਾਂ ਦੇ ਲੋਕਾਂ ਨੂੰ ਇਕੱਠੇ ਹੋਣ ਦੇ ਮੌਕੇ ਦਿੱਤੇ। ਸੂਫ਼ੀ ਸਾਹਿਤ ਅਤੇ ਸੰਗੀਤ ਨੇ ਸਥਾਨਕ ਭਾਸ਼ਾਵਾਂ ਅਤੇ ਕਲਾਤਮਕ ਰੂਪਾਂ ਨੂੰ ਪ੍ਰਭਾਵਿਤ ਕੀਤਾ। ਮੱਧਕਾਲੀਨ ਗਿਆਨ-ਪਰੰਪਰਾ ਵਿੱਚ ਫ਼ਾਰਸੀ ਭਾਸ਼ਾ ਦਾ ਵੀ ਮਹੱਤਵਪੂਰਨ ਸਥਾਨ ਸੀ। ਇਤਿਹਾਸ-ਲੇਖਨ, ਪ੍ਰਸ਼ਾਸਨ, ਸਾਹਿਤ, ਕਾਵਿ ਅਤੇ ਰਾਜਨੀਤਿਕ ਚਿੰਤਨ ਦੇ ਖੇਤਰਾਂ ਵਿੱਚ ਫ਼ਾਰਸੀ ਰਚਨਾਵਾਂ ਤਿਆਰ ਹੋਈਆਂ। ਇਸ ਦੌਰ ਦੇ ਇਤਿਹਾਸਕਾਰਾਂ, ਕਵੀਆਂ ਅਤੇ ਵਿਦਵਾਨਾਂ ਨੇ ਭਾਰਤੀ ਸਮਾਜ, ਰਾਜਨੀਤੀ ਅਤੇ ਸੱਭਿਆਚਾਰ ਬਾਰੇ ਮਹੱਤਵਪੂਰਨ ਜਾਣਕਾਰੀ ਦਰਜ ਕੀਤੀ। ਭਾਰਤੀ ਅਤੇ ਫ਼ਾਰਸੀ ਬੌਧਿਕ ਪਰੰਪਰਾਵਾਂ ਦੇ ਸੰਪਰਕ ਨੇ ਅਨੁਵਾਦ, ਸਾਹਿਤ ਅਤੇ ਪ੍ਰਸ਼ਾਸਕੀ ਗਿਆਨ ਦੇ ਨਵੇਂ ਰੂਪ ਪੈਦਾ ਕੀਤੇ। ਮੱਧਕਾਲੀਨ ਭਾਰਤ ਵਿੱਚ ਸਿੱਖ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੇ ਗਿਆਨ, ਨੈਤਿਕਤਾ, ਸਮਾਨਤਾ ਅਤੇ ਮਨੁੱਖੀ ਸੇਵਾ ਨੂੰ ਇੱਕ ਵਿਸ਼ਾਲ ਸਮਾਜਿਕ ਪਰਿਪੇਖ ਵਿੱਚ ਪੇਸ਼ ਕੀਤਾ। ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਸੱਚੇ ਆਚਰਨ, ਕਿਰਤ, ਨਾਮ-ਸਿਮਰਨ ਅਤੇ ਵੰਡ ਛਕਣ ਦੀ ਜੀਵਨ-ਦ੍ਰਿਸ਼ਟੀ ਪ੍ਰਦਾਨ ਕੀਤੀ। ਉਨ੍ਹਾਂ ਦੀ ਬਾਣੀ ਵਿੱਚ ਧਾਰਮਿਕ ਪਖੰਡ, ਸਮਾਜਿਕ ਵਿਤਕਰੇ ਅਤੇ ਮਨੁੱਖੀ ਅਸਮਾਨਤਾ ਦੀ ਆਲੋਚਨਾ ਮਿਲਦੀ ਹੈ। ਉਨ੍ਹਾਂ ਨੇ ਮਨੁੱਖ ਦੀ ਪਛਾਣ ਨੂੰ ਜਾਤ, ਧਰਮ ਜਾਂ ਸਮਾਜਿਕ ਦਰਜੇ ਦੀ ਬਜਾਏ ਨੈਤਿਕ ਕਰਮ ਅਤੇ ਆਤਮਿਕ ਚੇਤਨਾ ਨਾਲ ਜੋੜਿਆ। ਗੁਰੂ ਅੰਗਦ ਦੇਵ ਜੀ ਵੱਲੋਂ ਗੁਰਮੁਖੀ ਲਿਪੀ ਦੇ ਪ੍ਰਚਾਰ ਅਤੇ ਸਿੱਖਿਆ ਦੇ ਪ੍ਰਸਾਰ ਨੂੰ ਮਹੱਤਵ ਦੇਣਾ ਪੰਜਾਬੀ ਭਾਸ਼ਾ ਅਤੇ ਲੋਕ-ਸੱਭਿਆਚਾਰ ਦੇ ਇਤਿਹਾਸ ਵਿੱਚ ਮਹੱਤਵਪੂਰਨ ਹੈ। ਗੁਰੂ ਅਮਰ ਦਾਸ ਜੀ ਨੇ ਲੰਗਰ, ਸੰਗਤ ਅਤੇ ਪੰਗਤ ਦੀਆਂ ਸੰਸਥਾਵਾਂ ਰਾਹੀਂ ਸਮਾਜਿਕ ਸਮਾਨਤਾ ਅਤੇ ਸਾਂਝੀਵਾਲਤਾ ਨੂੰ ਵਿਹਾਰਕ ਰੂਪ ਦਿੱਤਾ। ਗੁਰੂ ਰਾਮ ਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਸੰਸਥਾਵਾਂ ਅਤੇ ਧਾਰਮਿਕ-ਸੱਭਿਆਚਾਰਕ ਕੇਂਦਰਾਂ ਦਾ ਵਿਸਤਾਰ ਹੋਇਆ। ਗੁਰੂ ਅਰਜਨ ਦੇਵ ਜੀ ਵੱਲੋਂ ਆਦਿ ਗ੍ਰੰਥ ਦਾ ਸੰਕਲਨ ਭਾਰਤੀ ਧਾਰਮਿਕ ਅਤੇ ਸਾਹਿਤਕ ਇਤਿਹਾਸ ਦੀ ਇੱਕ ਮਹੱਤਵਪੂਰਨ ਘਟਨਾ ਸੀ। ਇਸ ਵਿੱਚ ਵੱਖ-ਵੱਖ ਭਗਤਾਂ, ਸੂਫ਼ੀਆਂ ਅਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਸਥਾਨ ਦਿੱਤਾ ਗਿਆ, ਜੋ ਗਿਆਨ ਅਤੇ ਅਧਿਆਤਮਿਕਤਾ ਦੀ ਬਹੁਲਤਾਵਾਦੀ ਦ੍ਰਿਸ਼ਟੀ ਦਾ ਪ੍ਰਮਾਣ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਨਿਰਭੈਤਾ, ਨਿਰਵੈਰਤਾ, ਸੰਸਾਰ ਦੀ ਨਾਸ਼ਵਾਨਤਾ ਅਤੇ ਮਨੁੱਖੀ ਚੇਤਨਾ ਦੀ ਆਜ਼ਾਦੀ ਦੇ ਵਿਚਾਰ ਪ੍ਰਗਟ ਹੁੰਦੇ ਹਨ। ਉਨ੍ਹਾਂ ਦੀ ਸ਼ਹਾਦਤ ਨੂੰ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅੰਤਰਾਤਮਾ ਦੇ ਅਧਿਕਾਰਾਂ ਦੇ ਇਤਿਹਾਸਕ ਪ੍ਰਸੰਗ ਵਿੱਚ ਸਮਝਿਆ ਜਾ ਸਕਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਵਿੱਚ ਸੰਤ-ਸਿਪਾਹੀ ਦਾ ਆਦਰਸ਼, ਨਿਆਂ ਦੀ ਰੱਖਿਆ ਅਤੇ ਜ਼ੁਲਮ ਵਿਰੁੱਧ ਸੰਘਰਸ਼ ਮਹੱਤਵਪੂਰਨ ਹਨ। ਸਿੱਖ ਗਿਆਨ-ਪਰੰਪਰਾ ਦਾ ਸਮਕਾਲੀ ਮਹੱਤਵ ਇਸ ਦੇ ਮਨੁੱਖੀ ਸਮਾਨਤਾ, ਸੇਵਾ, ਸਾਂਝੀਵਾਲਤਾ, ਨੈਤਿਕ ਹਿੰਮਤ, ਸਮਾਜਿਕ ਜ਼ਿੰਮੇਵਾਰੀ ਅਤੇ ਸਿੱਖਿਆ ਦੇ ਲੋਕਤੰਤਰੀਕਰਨ ਨਾਲ ਸੰਬੰਧਿਤ ਹੈ। ਲੰਗਰ ਦੀ ਸੰਸਥਾ ਸਮੂਹਕ ਭੋਜਨ ਅਤੇ ਸਮਾਜਿਕ ਬਰਾਬਰੀ ਦਾ ਵਿਹਾਰਕ ਮਾਡਲ ਪੇਸ਼ ਕਰਦੀ ਹੈ, ਜਦਕਿ ਸੇਵਾ ਦੀ ਧਾਰਨਾ ਸਮਾਜਿਕ ਕਾਰਜਾਂ ਅਤੇ ਭਾਈਚਾਰਕ ਭਲਾਈ ਨੂੰ ਪ੍ਰੇਰਿਤ ਕਰਦੀ ਹੈ। ਇਸ ਤਰ੍ਹਾਂ ਸਿੱਖ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਭਾਰਤੀ ਗਿਆਨ-ਪਰੰਪਰਾ ਦੇ ਬਹੁਲਤਾਵਾਦੀ ਅਤੇ ਮਾਨਵਵਾਦੀ ਸਰੂਪ ਦਾ ਮਹੱਤਵਪੂਰਨ ਅੰਗ ਹੈ। ਮੱਧਕਾਲੀਨ ਸਮੇਂ ਵਿੱਚ ਖੇਤਰੀ ਭਾਸ਼ਾਵਾਂ ਵਿੱਚ ਸਾਹਿਤਕ ਰਚਨਾ ਅਤੇ ਗਿਆਨ ਦੇ ਪ੍ਰਸਾਰ ਨੇ ਭਾਰਤੀ ਬੌਧਿਕ ਇਤਿਹਾਸ ਨੂੰ ਨਵਾਂ ਰੂਪ ਦਿੱਤਾ। ਪੰਜਾਬੀ, ਬੰਗਾਲੀ, ਮਰਾਠੀ, ਗੁਜਰਾਤੀ, ਅਵਧੀ, ਬ੍ਰਜ, ਤਮਿਲ, ਤੇਲਗੂ, ਕੰਨੜ ਅਤੇ ਮਲਿਆਲਮ ਵਰਗੀਆਂ ਭਾਸ਼ਾਵਾਂ ਵਿੱਚ ਧਾਰਮਿਕ, ਸਾਹਿਤਕ, ਇਤਿਹਾਸਕ ਅਤੇ ਸਮਾਜਿਕ ਵਿਚਾਰ ਪ੍ਰਗਟ ਕੀਤੇ ਗਏ। ਇਨ੍ਹਾਂ ਭਾਸ਼ਾਵਾਂ ਨੇ ਗਿਆਨ ਨੂੰ ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਜੋੜਿਆ। ਪੰਜਾਬੀ ਸਾਹਿਤ ਵਿੱਚ ਗੁਰੂ ਸਾਹਿਬਾਨ ਦੀ ਬਾਣੀ, ਭਗਤ ਸਾਹਿਤ, ਸੂਫ਼ੀ ਕਾਵਿ ਅਤੇ ਕਿੱਸਾ ਪਰੰਪਰਾ ਨੇ ਸਮਾਜਿਕ ਅਤੇ ਸੱਭਿਆਚਾਰਕ ਚੇਤਨਾ ਦੇ ਵਿਕਾਸ ਵਿੱਚ ਯੋਗਦਾਨ ਪਾਇਆ। ਬਾਬਾ ਫ਼ਰੀਦ ਦੀ ਬਾਣੀ, ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ ਅਤੇ ਵਾਰਿਸ ਸ਼ਾਹ ਵਰਗੇ ਰਚਨਾਕਾਰਾਂ ਨੇ ਮਨੁੱਖੀ ਜੀਵਨ, ਪ੍ਰੇਮ, ਸਮਾਜਿਕ ਸੰਬੰਧਾਂ ਅਤੇ ਆਤਮਿਕ ਅਨੁਭਵਾਂ ਨੂੰ ਸਾਹਿਤਕ ਰੂਪ ਦਿੱਤਾ। ਲੋਕ-ਗਿਆਨ ਦੀਆਂ ਪਰੰਪਰਾਵਾਂ ਵੀ ਇਸ ਦੌਰ ਵਿੱਚ ਮਹੱਤਵਪੂਰਨ ਰਹੀਆਂ। ਲੋਕ-ਗੀਤ, ਲੋਕ-ਕਥਾਵਾਂ,

ISSN: 0976-5301
Peer Reviewed & Refereed Journal (IF: 7.85)
Journal Website www.coherencejournal.in

ਕਹਾਵਤਾਂ, ਖੇਤੀਬਾੜੀ ਨਾਲ ਸੰਬੰਧਿਤ ਅਨੁਭਵ, ਰੁੱਤਾਂ ਦੀ ਪਛਾਣ, ਪਸ਼ੂ-ਪਾਲਣ, ਲੋਕ-ਚਿਕਿਤਸਾ ਅਤੇ ਹਸਤਕਲਾ ਦਾ ਗਿਆਨ ਸਮਾਜਿਕ ਯਾਦਦਾਸ਼ਤ ਦਾ ਹਿੱਸਾ ਬਣਿਆ। ਇਹ ਗਿਆਨ ਅਕਸਰ ਲਿਖਤੀ ਗ੍ਰੰਥਾਂ ਵਿੱਚ ਦਰਜ ਨਹੀਂ ਸੀ, ਪਰ ਇਸ ਦੀ ਵਿਹਾਰਕ ਉਪਯੋਗਤਾ ਸਥਾਨਕ ਸਮਾਜਾਂ ਦੇ ਜੀਵਨ ਵਿੱਚ ਸਪੱਸ਼ਟ ਸੀ। ਅੱਜ ਖੇਤਰੀ ਭਾਸ਼ਾਵਾਂ ਅਤੇ ਲੋਕ-ਗਿਆਨ ਦੀ ਮਹੱਤਤਾ ਇਸ ਗੱਲ ਵਿੱਚ ਹੈ ਕਿ ਇਹ ਸਥਾਨਕ ਸਮਾਜਾਂ ਦੀ ਪਛਾਣ, ਇਤਿਹਾਸਕ ਯਾਦਦਾਸ਼ਤ ਅਤੇ ਸੱਭਿਆਚਾਰਕ ਵਿਭਿੰਨਤਾ ਦੀ ਰੱਖਿਆ ਕਰਦੇ ਹਨ। ਡਿਜੀਟਲ ਆਰਕਾਈਵ, ਮੌਖਿਕ ਇਤਿਹਾਸ ਅਤੇ ਲੋਕ-ਸਾਹਿਤ ਦੇ ਦਸਤਾਵੇਜ਼ੀਕਰਨ ਰਾਹੀਂ ਇਸ ਗਿਆਨ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਇਆ ਜਾ ਸਕਦਾ ਹੈ। ਭਾਰਤੀ ਗਿਆਨ-ਪਰੰਪਰਾਵਾਂ ਦੇ ਇਤਿਹਾਸਕ ਵਿਕਾਸ ਵਿੱਚ ਬਸਤੀਵਾਦੀ ਦੌਰ ਇੱਕ ਮਹੱਤਵਪੂਰਨ ਮੋੜ ਵਜੋਂ ਸਾਹਮਣੇ ਆਉਂਦਾ ਹੈ। ਬ੍ਰਿਟਿਸ਼ ਸ਼ਾਸਨ ਦੀ ਸਥਾਪਨਾ ਤੋਂ ਬਾਅਦ ਭਾਰਤੀ ਸਮਾਜ, ਪ੍ਰਸ਼ਾਸਨ, ਅਰਥਵਿਵਸਥਾ ਅਤੇ ਸਿੱਖਿਆ ਪ੍ਰਣਾਲੀ ਵਿੱਚ ਵੱਡੀਆਂ ਤਬਦੀਲੀਆਂ ਆਈਆਂ। ਬਸਤੀਵਾਦੀ ਸ਼ਾਸਕਾਂ ਨੇ ਆਪਣੀਆਂ ਪ੍ਰਸ਼ਾਸਕੀ ਲੋੜਾਂ ਅਤੇ ਰਾਜਨੀਤਿਕ ਹਿੱਤਾਂ ਅਨੁਸਾਰ ਸਿੱਖਿਆ ਪ੍ਰਣਾਲੀ ਨੂੰ ਨਵਾਂ ਰੂਪ ਦੇਣ ਦੀ ਕੋਸ਼ਿਸ਼ ਕੀਤੀ। ਇਸ ਪ੍ਰਕਿਰਿਆ ਵਿੱਚ ਅੰਗਰੇਜ਼ੀ ਭਾਸ਼ਾ, ਯੂਰਪੀ ਗਿਆਨ-ਪ੍ਰਣਾਲੀ ਅਤੇ ਪੱਛਮੀ ਵਿਗਿਆਨ ਨੂੰ ਸੰਸਥਾਗਤ ਮਹੱਤਵ ਮਿਲਿਆ। 1835 ਵਿੱਚ ਥਾਮਸ ਬੈਬਿੰਗਟਨ ਮੈਕਾਲੇ ਦੇ ਪ੍ਰਸਿੱਧ ਸਿੱਖਿਆ ਸੰਬੰਧੀ ਮਿੰਟ ਅਤੇ ਉਸੇ ਸਾਲ ਦੀ ਸਿੱਖਿਆ ਨੀਤੀ ਨੇ ਅੰਗਰੇਜ਼ੀ ਮਾਧਿਅਮ ਰਾਹੀਂ ਪੱਛਮੀ ਗਿਆਨ ਦੇ ਪ੍ਰਸਾਰ ਨੂੰ ਉਤਸ਼ਾਹਿਤ ਕੀਤਾ। ਇਸ ਤੋਂ ਪਹਿਲਾਂ ਵੀ ਭਾਰਤ ਵਿੱਚ ਅੰਗਰੇਜ਼ੀ ਸਿੱਖਿਆ ਦੇ ਪ੍ਰਸਾਰ ਬਾਰੇ ਚਰਚਾ ਚੱਲ ਰਹੀ ਸੀ ਅਤੇ ਪ੍ਰਾਚੀਨ ਭਾਸ਼ਾਵਾਂ ਅਤੇ ਪੱਛਮੀ ਗਿਆਨ ਦੇ ਸਮਰਥਕਾਂ ਵਿਚਕਾਰ ਵਿਚਾਰਧਾਰਕ ਮਤਭੇਦ ਸਨ। ਬਸਤੀਵਾਦੀ ਨੀਤੀਆਂ ਦੇ ਨਤੀਜੇ ਵਜੋਂ ਰਵਾਇਤੀ ਪਾਠਸ਼ਾਲਾਵਾਂ, ਮਦਰੱਸਿਆਂ ਅਤੇ ਹੋਰ ਸਥਾਨਕ ਸਿੱਖਿਆ ਸੰਸਥਾਵਾਂ ਦੀ ਸਮਾਜਿਕ ਅਤੇ ਸੰਸਥਾਗਤ ਸਥਿਤੀ ਵਿੱਚ ਤਬਦੀਲੀਆਂ ਆਈਆਂ। ਇਸ ਦੌਰ ਵਿੱਚ ਭਾਰਤੀ ਗਿਆਨ-ਪਰੰਪਰਾਵਾਂ ਨੂੰ ਕਈ ਵਾਰ ਪੱਛਮੀ ਗਿਆਨ ਦੇ ਮੁਕਾਬਲੇ ਪੱਛੜੇ ਜਾਂ ਗੈਰ-ਵਿਗਿਆਨਕ ਰੂਪ ਵਿੱਚ ਪੇਸ਼ ਕੀਤਾ ਗਿਆ। ਇਸ ਦੇ ਬਾਵਜੂਦ ਭਾਰਤੀ ਵਿਦਵਾਨਾਂ ਅਤੇ ਸਮਾਜ ਸੁਧਾਰਕਾਂ ਨੇ ਆਪਣੀਆਂ ਭਾਸ਼ਾਵਾਂ, ਸਾਹਿਤਕ ਪਰੰਪਰਾਵਾਂ ਅਤੇ ਇਤਿਹਾਸਕ ਗਿਆਨ ਦੀ ਪੁਨਰ-ਪੜਚੋਲ ਸ਼ੁਰੂ ਕੀਤੀ। ਪ੍ਰਾਚੀਨ ਗ੍ਰੰਥਾਂ ਦਾ ਸੰਪਾਦਨ, ਅਨੁਵਾਦ ਅਤੇ ਪ੍ਰਕਾਸ਼ਨ ਹੋਇਆ ਅਤੇ ਭਾਰਤੀ ਇਤਿਹਾਸ, ਧਰਮ, ਦਰਸ਼ਨ ਅਤੇ ਭਾਸ਼ਾਵਾਂ ਬਾਰੇ ਨਵੀਂ ਅਕਾਦਮਿਕ ਚਰਚਾ ਵਿਕਸਿਤ ਹੋਈ। ਨੀਵੀਂ ਸਦੀ ਵਿੱਚ ਭਾਰਤ ਵਿੱਚ ਸਮਾਜਿਕ ਅਤੇ ਬੌਧਿਕ ਪੁਨਰਜਾਗਰਣ ਦੀ ਪ੍ਰਕਿਰਿਆ ਸ਼ੁਰੂ ਹੋਈ। ਰਾਜਾ ਰਾਮਮੋਹਨ ਰਾਏ ਨੇ ਧਾਰਮਿਕ ਸੁਧਾਰ, ਤਰਕਸ਼ੀਲਤਾ ਅਤੇ ਆਧੁਨਿਕ ਸਿੱਖਿਆ ਨੂੰ ਮਹੱਤਵ ਦਿੱਤਾ। ਸਵਾਮੀ ਦਯਾਨੰਦ ਸਰਸਵਤੀ ਨੇ ਵੈਦਿਕ ਪਰੰਪਰਾ ਦੇ ਪੁਨਰ-ਮੁਲਾਂਕਣ ਰਾਹੀਂ ਸਮਾਜਿਕ ਸੁਧਾਰ ਦਾ ਸੰਦੇਸ਼ ਦਿੱਤਾ। ਸਵਾਮੀ ਵਿਵੇਕਾਨੰਦ ਨੇ ਭਾਰਤੀ ਵੇਦਾਂਤ, ਮਨੁੱਖੀ ਸੇਵਾ ਅਤੇ ਆਤਮ-ਵਿਸ਼ਵਾਸ ਨੂੰ ਵਿਸ਼ਵ ਪੱਧਰ ਉੱਤੇ ਪੇਸ਼ ਕੀਤਾ। ਉਨ੍ਹਾਂ ਨੇ ਸਿੱਖਿਆ ਨੂੰ ਮਨੁੱਖ ਵਿੱਚ ਪਹਿਲਾਂ ਤੋਂ ਮੌਜੂਦ ਸਮਰੱਥਾ ਦੇ ਵਿਕਾਸ ਨਾਲ ਜੋੜਿਆ। ਮਹਾਤਮਾ ਗਾਂਧੀ ਨੇ ਬੁਨਿਆਦੀ ਸਿੱਖਿਆ ਦੀ ਧਾਰਨਾ ਰਾਹੀਂ ਸਿੱਖਿਆ ਨੂੰ ਕਿਰਤ, ਸਵੈ-ਨਿਰਭਰਤਾ ਅਤੇ ਨੈਤਿਕ ਜੀਵਨ ਨਾਲ ਜੋੜਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਸਿੱਖਿਆ ਦਾ ਉਦੇਸ਼ ਕੇਵਲ ਪੁਸਤਕੀ ਗਿਆਨ ਪ੍ਰਦਾਨ ਕਰਨਾ ਨਹੀਂ, ਸਗੋਂ ਵਿਅਕਤੀ ਦੇ ਸਰੀਰ, ਮਨ ਅਤੇ ਆਤਮਾ ਦਾ ਸੰਤੁਲਿਤ ਵਿਕਾਸ ਕਰਨਾ ਸੀ। ਰਬਿੰਦਰਨਾਥ ਟੈਗੋਰ ਨੇ ਕੁਦਰਤ ਨਾਲ ਜੁੜੀ, ਰਚਨਾਤਮਕ ਅਤੇ ਸੁਤੰਤਰ ਸਿੱਖਿਆ ਦਾ ਮਾਡਲ ਪੇਸ਼ ਕੀਤਾ। ਸ਼ਾਂਤੀਨਿਕੇਤਨ ਇਸ ਵਿਚਾਰਧਾਰਾ ਦਾ ਮਹੱਤਵਪੂਰਨ ਉਦਾਹਰਨ ਬਣਿਆ। ਇਸ ਤਰ੍ਹਾਂ ਆਧੁਨਿਕ ਭਾਰਤੀ ਪੁਨਰਜਾਗਰਣ ਨੇ ਪ੍ਰਾਚੀਨ ਗਿਆਨ ਦੀ ਪੁਨਰ-ਪ੍ਰਾਪਤੀ ਦੇ ਨਾਲ-ਨਾਲ ਉਸ ਦੀ ਸਮਾਜਿਕ ਅਤੇ ਨੈਤਿਕ ਪੜਚੋਲ ਵੀ ਕੀਤੀ। ਇਸ ਨੇ ਭਾਰਤੀ ਗਿਆਨ-ਪਰੰਪਰਾ ਨੂੰ ਆਧੁਨਿਕ ਲੋਕਤੰਤਰ, ਵਿਗਿਆਨਕ ਸੋਚ, ਸਮਾਜਿਕ ਸੁਧਾਰ ਅਤੇ ਰਾਸ਼ਟਰੀ ਚੇਤਨਾ ਨਾਲ ਜੋੜਨ ਵਿੱਚ ਯੋਗਦਾਨ ਪਾਇਆ। 1947 ਵਿੱਚ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਭਾਰਤ ਸਾਹਮਣੇ ਅਜਿਹੀ ਸਿੱਖਿਆ ਪ੍ਰਣਾਲੀ ਵਿਕਸਿਤ ਕਰਨ ਦੀ ਚੁਣੌਤੀ ਸੀ ਜੋ ਇੱਕ ਪਾਸੇ ਆਧੁਨਿਕ ਵਿਗਿਆਨ, ਤਕਨਾਲੋਜੀ ਅਤੇ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰੇ ਅਤੇ ਦੂਜੇ ਪਾਸੇ ਭਾਰਤੀ ਭਾਸ਼ਾਵਾਂ, ਸੱਭਿਆਚਾਰ ਅਤੇ ਇਤਿਹਾਸਕ ਵਿਰਾਸਤ ਦੀ ਸੰਭਾਲ ਵੀ ਕਰੇ। ਇਸ ਦੌਰ ਵਿੱਚ ਯੂਨੀਵਰਸਿਟੀਆਂ, ਤਕਨੀਕੀ ਸੰਸਥਾਵਾਂ, ਖੋਜ ਕੇਂਦਰਾਂ ਅਤੇ ਵਿਗਿਆਨਕ ਪ੍ਰਯੋਗਸ਼ਾਲਾਵਾਂ ਦਾ ਵਿਸਤਾਰ ਹੋਇਆ। ਆਧੁਨਿਕ ਭਾਰਤੀ ਸਿੱਖਿਆ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਦੇ ਨਾਲ ਇਤਿਹਾਸ, ਸਾਹਿਤ, ਦਰਸ਼ਨ, ਸਮਾਜ-ਵਿਗਿਆਨ ਅਤੇ ਭਾਸ਼ਾਵਾਂ ਦਾ ਅਧਿਐਨ ਵੀ ਜਾਰੀ ਰਿਹਾ। ਪਰ ਕਈ ਦਹਾਕਿਆਂ ਤੱਕ ਪਾਠਕ੍ਰਮਾਂ ਵਿੱਚ ਰਵਾਇਤੀ ਗਿਆਨ-ਪਰੰਪਰਾਵਾਂ ਅਤੇ ਆਧੁਨਿਕ ਵਿਸ਼ਿਆਂ ਵਿਚਕਾਰ ਸੰਤੁਲਿਤ ਸੰਬੰਧ ਸਥਾਪਿਤ ਕਰਨ ਦੀ ਚੁਣੌਤੀ ਬਣੀ ਰਹੀ। ਆਧੁਨਿਕ ਸਿੱਖਿਆ ਦੀ ਇੱਕ ਸੀਮਾ ਇਹ ਵੀ ਰਹੀ ਕਿ ਵਿਦਿਆਰਥੀਆਂ ਦਾ ਧਿਆਨ ਕਈ ਵਾਰ ਪ੍ਰੀਖਿਆ, ਅੰਕਾਂ ਅਤੇ ਰੁਜ਼ਗਾਰ-ਕੇਂਦਰਿਤ ਯੋਗਤਾਵਾਂ ਤੱਕ ਸੀਮਤ ਹੋ ਜਾਂਦਾ ਹੈ। ਇਸ ਕਾਰਨ ਨੈਤਿਕ ਚੇਤਨਾ, ਸੱਭਿਆਚਾਰਕ ਸਮਝ, ਰਚਨਾਤਮਕਤਾ ਅਤੇ ਸਮਾਜਿਕ ਜ਼ਿੰਮੇਵਾਰੀ ਵਰਗੇ ਪੱਖਾਂ ਨੂੰ ਉਚਿਤ ਸਥਾਨ ਨਹੀਂ ਮਿਲਦਾ। ਇਸ ਸੰਦਰਭ ਵਿੱਚ ਭਾਰਤੀ ਗਿਆਨ-ਪਰੰਪਰਾਵਾਂ ਦਾ ਆਲੋਚਨਾਤਮਕ ਅਧਿਐਨ ਸਿੱਖਿਆ ਨੂੰ ਵਧੇਰੇ

ISSN: 0976-5301
Peer Reviewed & Refereed Journal (IF: 7.85)
Journal Website www.coherencejournal.in

ਸਮਗ੍ਰ ਬਣਾਉਣ ਵਿੱਚ ਸਹਾਇਕ ਹੋ ਸਕਦਾ ਹੈ। ਰਾਸ਼ਟਰੀ ਸਿੱਖਿਆ ਨੀਤੀ 2020 ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਇੱਕ ਮਹੱਤਵਪੂਰਨ ਨੀਤੀਗਤ ਪਰਿਵਰਤਨ ਦਾ ਪ੍ਰਸਤਾਵ ਪੇਸ਼ ਕਰਦੀ ਹੈ। ਇਸ ਨੀਤੀ ਵਿੱਚ ਸਿੱਖਿਆ ਨੂੰ ਬਹੁ-ਅਨੁਸ਼ਾਸ਼ਨੀ, ਅਨੁਭਵ-ਆਧਾਰਿਤ, ਵਿਦਿਆਰਥੀ-ਕੇਂਦਰਿਤ ਅਤੇ ਰਚਨਾਤਮਕ ਬਨਾਉਣ ਉੱਤੇ ਜ਼ੋਰ ਦਿੱਤਾ ਗਿਆ ਹੈ। ਇਸ ਦੇ ਅਨੁਸਾਰ ਸਿੱਖਿਆ ਦਾ ਉਦੇਸ਼ ਕੇਵਲ ਬੌਧਿਕ ਯੋਗਤਾਵਾਂ ਦਾ ਵਿਕਾਸ ਨਹੀਂ, ਸਗੋਂ ਸਮਾਜਿਕ, ਨੈਤਿਕ ਅਤੇ ਭਾਵਨਾਤਮਕ ਸਮਰੱਥਾਵਾਂ ਨੂੰ ਵੀ ਵਿਕਸਿਤ ਕਰਨਾ ਹੈ। ਰਾਸ਼ਟਰੀ ਸਿੱਖਿਆ ਨੀਤੀ 2020 ਭਾਰਤੀ ਭਾਸ਼ਾਵਾਂ ਵਿੱਚ ਸਿੱਖਿਆ ਅਤੇ ਅਧਿਐਨ ਸਮੱਗਰੀ ਦੇ ਵਿਕਾਸ ਨੂੰ ਮਹੱਤਵ ਦਿੰਦੀ ਹੈ। ਇਸ ਲਈ ਭਾਰਤੀ ਗਿਆਨ-ਪਰੰਪਰਾਵਾਂ ਦੇ ਅਧਿਐਨ ਵਿੱਚ ਖੇਤਰੀ ਭਾਸ਼ਾਵਾਂ ਦੀ ਭੂਮਿਕਾ ਨੂੰ ਵਿਸ਼ੇਸ਼ ਮਹੱਤਵ ਦੇਣਾ ਚਾਹੀਦਾ ਹੈ। ਆਧੁਨਿਕ ਸਿੱਖਿਆ ਵਿੱਚ ਇਨ੍ਹਾਂ ਵਿਚਾਰਾਂ ਨੂੰ ਵਿਦਿਆਰਥੀਆਂ ਦੇ ਚਰਿੱਤਰ ਨਿਰਮਾਣ, ਨੈਤਿਕ ਫੈਸਲਾ ਲੈਣ ਦੀ ਸਮਰੱਥਾ, ਸਹਿਣਸ਼ੀਲਤਾ ਅਤੇ ਸਮਾਜਿਕ ਜ਼ਿੰਮੇਵਾਰੀ ਦੇ ਵਿਕਾਸ ਨਾਲ ਜੋੜਿਆ ਜਾ ਸਕਦਾ ਹੈ। ਉਦਾਹਰਨ ਵਜੋਂ, ਅਨੇਕਾਂਤਵਾਦ ਦੇ ਅਧਿਐਨ ਰਾਹੀਂ ਵਿਦਿਆਰਥੀ ਵੱਖਰੇ ਵਿਚਾਰਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਆਦਰ ਕਰਨ ਦੀ ਸਮਰੱਥਾ ਵਿਕਸਿਤ ਕਰ ਸਕਦੇ ਹਨ। ਬੌਧ ਧਿਆਨ-ਪਰੰਪਰਾ ਅਤੇ ਯੋਗ ਦੇ ਕੁਝ ਤੱਤਾਂ ਦਾ ਵਿਗਿਆਨਕ ਤੌਰ ਉੱਤੇ ਮੁਲਾਂਕਣ ਕਰਕੇ ਮਾਨਸਿਕ ਸਿਹਤ ਅਤੇ ਤਣਾਅ ਪ੍ਰਬੰਧਨ ਨਾਲ ਸੰਬੰਧਿਤ ਸਿੱਖਿਆ ਵਿੱਚ ਵਰਤੋਂ ਕੀਤੀ ਜਾ ਸਕਦੀ ਹੈ। ਭਾਰਤੀ ਗਿਆਨ-ਪਰੰਪਰਾ ਦੇ ਸਮਕਾਲੀ ਮੁਲਾਂਕਣ ਵਿੱਚ ਸਮਾਜਿਕ ਨਿਆਂ ਦਾ ਪੱਖ ਬਹੁਤ ਮਹੱਤਵਪੂਰਨ ਹੈ। ਇਤਿਹਾਸਕ ਤੌਰ ਉੱਤੇ ਗਿਆਨ ਦੀ ਪਹੁੰਚ ਹਰ ਸਮਾਜਿਕ ਵਰਗ ਲਈ ਇੱਕੋ ਜਿਹੀ ਨਹੀਂ ਸੀ। ਜਾਤੀ-ਆਧਾਰਿਤ ਭੇਦਭਾਵ, ਲਿੰਗਕ ਅਸਮਾਨਤਾ ਅਤੇ ਆਰਥਿਕ ਪਾਬੰਦੀਆਂ ਨੇ ਕਈ ਵਰਗਾਂ ਦੀ ਸਿੱਖਿਆ ਤੱਕ ਪਹੁੰਚ ਨੂੰ ਪ੍ਰਭਾਵਿਤ ਕੀਤਾ। ਇਸ ਲਈ ਭਾਰਤੀ ਗਿਆਨ-ਪਰੰਪਰਾ ਦੀ ਚਰਚਾ ਕਰਦਿਆਂ ਇਸ ਦੀਆਂ ਪ੍ਰਾਪਤੀਆਂ ਦੇ ਨਾਲ ਇਤਿਹਾਸਕ ਸੀਮਾਵਾਂ ਨੂੰ ਵੀ ਸਵੀਕਾਰ ਕਰਨਾ ਜ਼ਰੂਰੀ ਹੈ। ਭਾਰਤੀ ਇਤਿਹਾਸ ਵਿੱਚ ਭਗਤੀ ਲਹਿਰ, ਸੂਫ਼ੀ ਪਰੰਪਰਾ, ਬੌਧ ਅਤੇ ਜੈਨ ਚਿੰਤਨ ਅਤੇ ਸਿੱਖ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੇ ਵੱਖ-ਵੱਖ ਰੂਪਾਂ ਵਿੱਚ ਸਮਾਨਤਾ, ਮਨੁੱਖੀ ਮਰਿਆਦਾ ਅਤੇ ਨੈਤਿਕ ਜੀਵਨ ਦੇ ਵਿਚਾਰਾਂ ਨੂੰ ਉਤਸ਼ਾਹਿਤ ਕੀਤਾ। ਇਨ੍ਹਾਂ ਵਿਚਾਰਾਂ ਦਾ ਸਮਕਾਲੀ ਅਧਿਐਨ ਸੰਵਿਧਾਨਕ ਮੁੱਲਾਂ, ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਨਿਆਂ ਦੀ ਸਿੱਖਿਆ ਨਾਲ ਜੋੜਿਆ ਜਾ ਸਕਦਾ ਹੈ। ਇਸ ਸੰਦਰਭ ਵਿੱਚ ਭਾਰਤੀ ਗਿਆਨ-ਪਰੰਪਰਾ ਦਾ ਉਦੇਸ਼ ਕੇਵਲ ਪ੍ਰਾਚੀਨ ਵਿਚਾਰਾਂ ਨੂੰ ਦੁਹਰਾਉਣਾ ਨਹੀਂ ਹੋਣਾ ਚਾਹੀਦਾ, ਸਗੋਂ ਉਨ੍ਹਾਂ ਵਿਚੋਂ ਅਜਿਹੇ ਸਿਧਾਂਤਾਂ ਦੀ ਪਛਾਣ ਕਰਨੀ ਚਾਹੀਦੀ ਹੈ ਜੋ ਵਰਤਮਾਨ ਸਮਾਜ ਵਿੱਚ ਸਮਾਨਤਾ, ਨਿਆਂ, ਆਜ਼ਾਦੀ ਅਤੇ ਭਾਈਚਾਰੇ ਨੂੰ ਮਜ਼ਬੂਤ ਕਰ ਸਕਣ। ਭਾਰਤੀ ਗਿਆਨ-ਪਰੰਪਰਾਵਾਂ ਵਿੱਚ ਅਰਥਸ਼ਾਸਤਰ, ਖੇਤੀਬਾੜੀ, ਵਪਾਰ, ਹਸਤਕਲਾ ਅਤੇ ਪ੍ਰਬੰਧਨ ਨਾਲ ਸੰਬੰਧਿਤ ਵਿਚਾਰ ਵੀ ਮਿਲਦੇ ਹਨ। ਕੌਟਿਲਯ ਦਾ ਅਰਥਸ਼ਾਸਤਰ ਰਾਜ ਪ੍ਰਬੰਧ, ਅਰਥਵਿਵਸਥਾ, ਕਰ-ਪ੍ਰਣਾਲੀ, ਵਪਾਰ, ਖੇਤੀਬਾੜੀ, ਸੁਰੱਖਿਆ ਅਤੇ ਪ੍ਰਸ਼ਾਸਨ ਬਾਰੇ ਵਿਵਸਥਿਤ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਗ੍ਰੰਥ ਵਿੱਚ ਰਾਜ ਦੀ ਆਰਥਿਕ ਸਥਿਰਤਾ, ਸਰੋਤਾਂ ਦੀ ਵਰਤੋਂ ਅਤੇ ਪ੍ਰਸ਼ਾਸਕੀ ਜ਼ਿੰਮੇਵਾਰੀਆਂ ਬਾਰੇ ਵਿਚਾਰ ਮਿਲਦੇ ਹਨ।ਭਾਰਤੀ ਗਿਆਨ-ਪਰੰਪਰਾਵਾਂ ਦੀ ਸਮਕਾਲੀ ਪ੍ਰਸੰਗਿਕਤਾ ਨੂੰ ਸਥਾਪਿਤ ਕਰਨ ਲਈ ਕੇਵਲ ਉਨ੍ਹਾਂ ਦੀਆਂ ਇਤਿਹਾਸਕ ਪ੍ਰਾਪਤੀਆਂ ਦਾ ਵਰਣਨ ਕਾਫ਼ੀ ਨਹੀਂ ਹੈ। ਇਸ ਖੇਤਰ ਵਿੱਚ ਕਈ ਅਜਿਹੀਆਂ ਚੁਣੌਤੀਆਂ ਹਨ, ਜਿਨ੍ਹਾਂ ਦਾ ਵਿਗਿਆਨਕ ਅਤੇ ਆਲੋਚਨਾਤਮਕ ਢੰਗ ਨਾਲ ਸਾਹਮਣਾ ਕਰਨਾ ਜ਼ਰੂਰੀ ਹੈ। ਪਹਿਲੀ ਚੁਣੌਤੀ ਇਤਿਹਾਸਕ ਸਰੋਤਾਂ ਦੀ ਪ੍ਰਮਾਣਿਕਤਾ ਨਾਲ ਸੰਬੰਧਿਤ ਹੈ। ਪ੍ਰਾਚੀਨ ਗ੍ਰੰਥਾਂ ਦੀ ਰਚਨਾ, ਸੰਪਾਦਨ, ਅਨੁਵਾਦ ਅਤੇ ਵੱਖ-ਵੱਖ ਪਾਠ-ਪਰੰਪਰਾਵਾਂ ਦੀ ਜਾਂਚ ਕੀਤੇ ਬਿਨਾਂ ਉਨ੍ਹਾਂ ਦੇ ਆਧਾਰ ਉੱਤੇ ਨਿਰਣਾਇਕ ਇਤਿਹਾਸਕ ਦਾਅਵੇ ਨਹੀਂ ਕਰਨੇ ਚਾਹੀਦੇ। ਕਿਸੇ ਗ੍ਰੰਥ ਵਿੱਚ ਦਿੱਤੇ ਗਏ ਵਰਣਨ ਨੂੰ ਆਪਣੇ ਆਪ ਵਿੱਚ ਇਤਿਹਾਸਕ ਤੱਥ ਨਹੀਂ ਮੰਨਿਆ ਜਾ ਸਕਦਾ। ਉਸ ਦੀ ਤੁਲਨਾ ਪੁਰਾਤੱਤਵਿਕ ਸਬੂਤਾਂ, ਸਮਕਾਲੀ ਲਿਖਤਾਂ ਅਤੇ ਹੋਰ ਸੁਤੰਤਰ ਸਰੋਤਾਂ ਨਾਲ ਕਰਨੀ ਲਾਜ਼ਮੀ ਹੈ। ਦੂਜੀ ਚੁਣੌਤੀ ਅਤੀਤ ਦਾ ਆਧੁਨਿਕੀਕਰਨ ਹੈ। ਕਈ ਵਾਰ ਪ੍ਰਾਚੀਨ ਭਾਰਤੀ ਗ੍ਰੰਥਾਂ ਵਿੱਚ ਮਿਲਣ ਵਾਲੇ ਵਿਚਾਰਾਂ ਨੂੰ ਆਧੁਨਿਕ ਵਿਗਿਆਨਕ ਖੋਜਾਂ ਦੇ ਬਰਾਬਰ ਪੇਸ਼ ਕਰ ਦਿੱਤਾ ਜਾਂਦਾ ਹੈ। ਉਦਾਹਰਨ ਵਜੋਂ, ਕਿਸੇ ਪੁਰਾਤਨ ਦਾਰਸ਼ਨਿਕ ਧਾਰਨਾ ਨੂੰ ਆਧੁਨਿਕ ਭੌਤਿਕ ਵਿਗਿਆਨ ਦਾ ਸਿੱਧਾ ਸਿਧਾਂਤ ਕਹਿਣਾ ਬਿਨਾਂ ਪ੍ਰਮਾਣ ਦੇ ਅਕਾਦਮਿਕ ਤੌਰ ਉੱਤੇ ਠੀਕ ਨਹੀਂ। ਅਜਿਹੇ ਦਾਅਵਿਆਂ ਦੀ ਵਿਗਿਆਨਕ ਜਾਂਚ, ਸੰਕਲਪਾਂ ਦੀ ਸਪੱਸ਼ਟ ਪਰਿਭਾਸ਼ਾ ਅਤੇ ਮੂਲ ਸਰੋਤਾਂ ਦੇ ਆਧਾਰ ਉੱਤੇ ਪੜਚੋਲ ਹੋਣੀ ਚਾਹੀਦੀ ਹੈ। ਤੀਜੀ ਚੁਣੌਤੀ ਭਾਰਤੀ ਗਿਆਨ-ਪਰੰਪਰਾ ਦੀ ਵਿਭਿੰਨਤਾ ਨਾਲ ਸੰਬੰਧਿਤ ਹੈ। ਜੇ ਇਸ ਨੂੰ ਕੇਵਲ ਇੱਕ ਧਰਮ, ਇੱਕ ਭਾਸ਼ਾ ਜਾਂ ਇੱਕ ਵਿਚਾਰਧਾਰਾ ਨਾਲ ਜੋੜ ਦਿੱਤਾ ਜਾਵੇ ਤਾਂ ਇਸ ਦਾ ਇਤਿਹਾਸਕ ਸਰੂਪ ਸੰਕੁਚਿਤ ਹੋ ਜਾਂਦਾ ਹੈ। ਭਾਰਤੀ ਗਿਆਨ ਦੇ ਅਧਿਐਨ ਵਿੱਚ ਬੌਧ, ਜੈਨ, ਸਿੱਖ, ਸੂਫ਼ੀ, ਆਦਿਵਾਸੀ, ਲੋਕਧਾਰਾ ਅਤੇ ਖੇਤਰੀ ਭਾਸ਼ਾਈ ਪਰੰਪਰਾਵਾਂ ਨੂੰ ਉਚਿਤ ਸਥਾਨ ਦੇਣਾ ਜ਼ਰੂਰੀ ਹੈ। ਚੌਥੀ ਚੁਣੌਤੀ ਸਮਾਜਿਕ ਸਮਾਨਤਾ ਨਾਲ ਸੰਬੰਧਿਤ ਹੈ। ਗਿਆਨ ਦੇ ਉਤਪਾਦਨ ਅਤੇ ਪ੍ਰਸਾਰ ਵਿੱਚ ਵੱਖ-ਵੱਖ ਵਰਗਾਂ ਦੀ ਭਾਗੀਦਾਰੀ ਇੱਕੋ ਜਿਹੀ ਨਹੀਂ ਰਹੀ। ਔਰਤਾਂ, ਹੇਠਲੇ ਸਮਾਜਿਕ ਵਰਗਾਂ ਅਤੇ ਹਾਸ਼ੀਏ ਉੱਤੇ ਰਹਿੰਦੇ ਭਾਈਚਾਰਿਆਂ ਦੇ ਯੋਗਦਾਨ ਨੂੰ ਇਤਿਹਾਸਕ ਅਧਿਐਨਾਂ ਵਿੱਚ ਕਈ

ISSN: 0976-5301
Peer Reviewed & Refereed Journal (IF: 7.85)
Journal Website www.coherencejournal.in

ਵਾਰ ਉਚਿਤ ਸਥਾਨ ਨਹੀਂ ਮਿਲਿਆ। ਇਸ ਲਈ ਭਾਰਤੀ ਗਿਆਨ-ਪਰੰਪਰਾ ਦਾ ਨਵਾਂ ਅਧਿਐਨ ਸਮਾਵੇਸ਼ੀ ਅਤੇ ਸਮਾਜਿਕ ਨਿਆਂ-ਆਧਾਰਿਤ ਹੋਣਾ ਚਾਹੀਦਾ ਹੈ। ਪੰਜਵੀਂ ਚੁਣੌਤੀ ਗਿਆਨ ਦੀ ਸੰਭਾਲ ਅਤੇ ਪ੍ਰਸਾਰ ਦੀ ਹੈ। ਕਈ ਪ੍ਰਾਚੀਨ ਹੱਥ-ਲਿਖਤਾਂ, ਸਥਾਨਕ ਭਾਸ਼ਾਵਾਂ ਦੇ ਗ੍ਰੰਥਾਂ ਅਤੇ ਮੌਖਿਕ ਪਰੰਪਰਾਵਾਂ ਦੇ ਨਸ਼ਟ ਹੋਣ ਜਾਂ ਅਣਗੌਲੇ ਰਹਿ ਜਾਣ ਦਾ ਖ਼ਤਰਾ ਹੈ। ਇਨ੍ਹਾਂ ਦੇ ਵਿਗਿਆਨਕ ਦਸਤਾਵੇਜ਼ੀਕਰਨ, ਸੰਪਾਦਨ, ਅਨੁਵਾਦ ਅਤੇ ਡਿਜੀਟਲ ਸੰਭਾਲ ਦੀ ਲੋੜ ਹੈ। ਛੇਵੀਂ ਚੁਣੌਤੀ ਅੰਤਰ-ਅਨੁਸ਼ਾਸ਼ਨੀ ਖੋਜ ਦੀ ਘਾਟ ਹੈ। ਭਾਰਤੀ ਗਿਆਨ-ਪਰੰਪਰਾਵਾਂ ਦੇ ਅਧਿਐਨ ਲਈ ਇਤਿਹਾਸਕਾਰਾਂ, ਭਾਸ਼ਾ-ਵਿਗਿਆਨੀਆਂ, ਵਿਗਿਆਨੀਆਂ, ਚਿਕਿਤਸਕਾਂ, ਸਮਾਜ-ਵਿਗਿਆਨੀਆਂ ਅਤੇ ਤਕਨੀਕੀ ਮਾਹਿਰਾਂ ਵਿਚਕਾਰ ਸਹਿਯੋਗ ਜ਼ਰੂਰੀ ਹੈ। ਇੱਕੋ ਵਿਸ਼ੇ ਦੀ ਸੀਮਤ ਦ੍ਰਿਸ਼ਟੀ ਰਾਹੀਂ ਕਈ ਵਾਰ ਇਤਿਹਾਸਕ ਜਾਂ ਵਿਗਿਆਨਕ ਤੱਥਾਂ ਦੀ ਪੂਰੀ ਸਮਝ ਨਹੀਂ ਬਣਦੀ। ਭਾਰਤੀ ਗਿਆਨ-ਪਰੰਪਰਾ ਦਾ ਅਸਲ ਮਹੱਤਵ ਇਸ ਦੀ ਵਿਭਿੰਨਤਾ, ਸੰਵਾਦਮੂਲਕ ਪ੍ਰਕਿਰਤੀ ਅਤੇ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਸਮਝਣ ਦੀ ਸਮਰੱਥਾ ਵਿੱਚ ਹੈ। ਇਸ ਵਿੱਚ ਮਨੁੱਖ ਅਤੇ ਕੁਦਰਤ ਦੇ ਸੰਬੰਧਾਂ, ਗਿਆਨ ਅਤੇ ਨੈਤਿਕਤਾ, ਵਿਅਕਤੀ ਅਤੇ ਸਮਾਜ, ਵਿਗਿਆਨ ਅਤੇ ਦਰਸ਼ਨ ਅਤੇ ਪਰੰਪਰਾ ਅਤੇ ਪਰਿਵਰਤਨ ਵਿਚਕਾਰ ਸੰਬੰਧਾਂ ਬਾਰੇ ਵਿਸਤ੍ਰਿਤ ਵਿਚਾਰ ਮਿਲਦੇ ਹਨ। ਸਮਕਾਲੀ ਸੰਸਾਰ ਵਿੱਚ ਜਿੱਥੇ ਤਕਨਾਲੋਜੀ ਅਤੇ ਵਿਗਿਆਨ ਨੇ ਮਨੁੱਖੀ ਜੀਵਨ ਨੂੰ ਅਨੇਕਾਂ ਸਹੂਲਤਾਂ ਪ੍ਰਦਾਨ ਕੀਤੀਆਂ ਹਨ, ਉੱਥੇ ਨੈਤਿਕ ਸੰਕਟ, ਵਾਤਾਵਰਨਕ ਅਸੰਤੁਲਨ, ਸਮਾਜਿਕ ਅਸਮਾਨਤਾ ਅਤੇ ਮਾਨਸਿਕ ਤਣਾਅ ਵਰਗੀਆਂ ਸਮੱਸਿਆਵਾਂ ਵੀ ਵਧੀਆਂ ਹਨ। ਅਜਿਹੇ ਹਾਲਾਤਾਂ ਵਿੱਚ ਭਾਰਤੀ ਗਿਆਨ-ਪਰੰਪਰਾਵਾਂ ਦੇ ਨੈਤਿਕ ਅਤੇ ਮਾਨਵਵਾਦੀ ਪੱਖ ਮਨੁੱਖੀ ਵਿਕਾਸ ਨੂੰ ਵਧੇਰੇ ਸੰਤੁਲਿਤ ਬਣਾਉਣ ਵਿੱਚ ਯੋਗਦਾਨ ਪਾ ਸਕਦੇ ਹਨ। ਅਹਿੰਸਾ, ਅਪਰਿਗ੍ਰਹਿ, ਸਹਿਣਸ਼ੀਲਤਾ, ਸੱਚ, ਸੇਵਾ, ਸਾਂਝੀਵਾਲਤਾ ਅਤੇ ਪ੍ਰਕਿਰਤੀ ਪ੍ਰਤੀ ਸਤਿਕਾਰ ਵਰਗੇ ਸਿਧਾਂਤ ਆਧੁਨਿਕ ਸਮਾਜ ਲਈ ਅਰਥਪੂਰਨ ਹਨ।

ਪੁਸਤਕਾਂ ਅਤੇ ਮੂਲ ਸਰੋਤ

1. Altekar, A. S. (1934). Education in Ancient India. Benares: Nand Kishore & Brothers.
2. Basham, A. L. (1954). The Wonder That Was India. London: Sidgwick & Jackson.
3. Basham, A. L. (Ed.). (1975). A Cultural History of India. Oxford: Clarendon Press.
4. Chattopadhyaya, D. P. (1977). History of Science and Technology in Ancient India: The Beginnings. Calcutta: Firma K. L. Mukhopadhyay.
5. Dasgupta, S. (1922–1955). A History of Indian Philosophy (Vols. 1–5). Cambridge: Cambridge University Press.
6. Flood, G. (1996). An Introduction to Hinduism. Cambridge: Cambridge University Press.
7. Ghosh, A. (Ed.). (1989). An Encyclopaedia of Indian Archaeology. New Delhi: Munshiram Manoharlal Publishers.
8. Gombrich, R. (1988). Theravada Buddhism: A Social History from Ancient Benares to Modern Colombo. London: Routledge.
9. Gupta, B. (2012). An Introduction to Indian Philosophy: Perspectives on Reality, Knowledge, and Freedom. New York: Routledge.
10. Kosambi, D. D. (1956). An Introduction to the Study of Indian History. Bombay: Popular Book Depot.
11. Majumdar, R. C. (Ed.). (1951–1977). The History and Culture of the Indian People. Bombay: Bharatiya Vidya Bhavan.

ISSN: 0976-5301
Peer Reviewed & Refereed Journal (IF: 7.85)
Journal Website www.coherencejournal.in

12. Mookerji, R. K. (1947). Ancient Indian Education: Brahmanical and Buddhist. London: Macmillan.
13. Pollock, S. (2006). The Language of the Gods in the World of Men: Sanskrit, Culture, and Power in Premodern India. Berkeley: University of California Press.
14. Sen, A. (2005). The Argumentative Indian: Writings on Indian History, Culture and Identity. London: Allen Lane.
15. Thapar, R. (2002). Early India: From the Origins to AD 1300. Berkeley: University of California Press.
16. Wujastyk, D. (2003). The Roots of Ayurveda: Selections from Sanskrit Medical Writings. London: Penguin Books.
17. Zysk, K. G. (1991). Asceticism and Healing in Ancient India: Medicine in the Buddhist Monastery. New York: Oxford University Press.

ਮੂਲ ਇਤਿਹਾਸਕ ਅਤੇ ਦਾਰਸ਼ਨਿਕ ਗ੍ਰੰਥ

1. Rigveda.
2. Brihadaranyaka Upanishad.
3. Chandogya Upanishad.
4. Aryabhata. Aryabhatiya.
5. Brahmagupta. Brahmasphutasiddhanta.
6. Charaka. Charaka Samhita.
7. Sushruta. Sushruta Samhita.
8. Kautilya. Arthashastra.
9. Panini. Ashtadhyayi.
10. Bharata Muni. Natyashastra.
11. Patanjali. Yoga Sutras.
12. Government of India. (2020). National Education Policy 2020. Ministry of Education, Government of India.
13. Bhatia, R. P. (2014). Traditional Knowledge Systems in India and Their Relevance. Journal of Indian Education, 40 (2), 58–69.